ਮੰਗਲਵਾਰ, 5 ਮਈ, 2026
22 ਵਿਸਾਖ { ਨਾਨਕਸ਼ਾਹੀ 558 / ਬਿਕਰਮੀ 2083
ਜਿਲਦ/VOL. : 74
ਅੰਕ/NO. : 334

ਰੋਜ਼ਾਨਾ
# ਨਵਾਂ ਜ਼ਮਾਨਾ
DAILY NAWAN ZAMANA • TUESDAY, 5 MAY, 2026
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160
YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਏ ਜੀ ਨੂੰ ਧਮਕੀਆਂ

**ਚੰਡੀਗੜ੍ਹ** : ਪੰਜਾਬ ਦੇ ਐਡਵੋਕੇਟ ਜਨਰਲ (ਏ ਜੀ) ਮਨਿੰਦਰਜੀਤ ਸਿੰਘ ਬੇਦੀ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਮਿਲੀਆਂ ਹਨ। ਇਹ ਧਮਕੀਆਂ ਸੂਬਾ ਸਰਕਾਰ ਵੱਲੋਂ ਗੈਂਗਸਟਰ ਸੱਭਿਆਚਾਰ ਨੂੰ ਉਤਸ਼ਾਹਤ ਕਰਨ ਵਾਲੀ ਸਮੱਗਰੀ ਖਿਲਾਫ ਕੀਤੀ ਗਈ ਸਖਤੀ ਤੋਂ ਬਾਅਦ ਆਈਆਂ ਹਨ, ਜਿਸ ਵਿੱਚ ਗੈਂਗਸਟਰ ਲਾਰੈਂਸ ਬਿਸ਼ਨੋਈ ਉੱਤੇ ਕਥਿਤ ਤੌਰ 'ਤੇ ਅਧਾਰਤ ਵੈੱਬ ਸੀਰੀਜ਼ 'ਲਾਰੈਂਸ ਆਫ ਪੰਜਾਬ' ਦੇ ਟ੍ਰੇਲਰ ਨੂੰ ਬਲਾਕ ਕਰਨਾ ਵੀ ਸ਼ਾਮਲ ਹੈ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਐਡਵੋਕੇਟ ਜਨਰਲ ਬੇਦੀ ਨੂੰ ਦੋ ਵਾਰ ਧਮਕੀ ਭਰੇ ਸੰਦੇਸ਼ ਮਿਲੇ ਹਨ, ਜਿਨ੍ਹਾਂ ਵਿੱਚੋਂ ਇੱਕ ਕੁਝ ਸਮਾਂ ਪਹਿਲਾਂ ਅਤੇ ਦੂਜਾ ਹਾਲ ਹੀ ਵਿੱਚ ਪ੍ਰਾਪਤ ਹੋਇਆ ਹੈ।

## ਰਾਣਾ ਕਾਂਡ ਦਾ ਮੁੱਖ ਸ਼ੂਟਰ ਗ੍ਰਿਫਤਾਰ

**ਚੰਡੀਗੜ੍ਹ** : ਮੁਹਾਲੀ ਦੇ ਸੋਹਾਣਾ ਵਿੱਚ ਕਬੱਡੀ ਮੈਚ ਦੌਰਾਨ ਕਤਲ ਕੀਤੇ ਗਏ ਕਬੱਡੀ ਖੇਡ ਪ੍ਰਮੋਟਰ ਰਾਣਾ ਬਲਾਚੌਰੀਆ ਦੇ ਮਾਮਲੇ 'ਚ ਮੁੱਖ ਸ਼ੂਟਰ ਆਦਿਤਿਆ ਕਪੂਰ ਉਰਫ ਮੱਖਣ ਨੂੰ ਪੰਜਾਬ ਪੁਲਸ ਨੇ ਤ੍ਰਿਪੁਰਾ ਦੇ ਅਗਰਤਲਾ ਤੋਂ ਗ੍ਰਿਫਤਾਰ ਕਰ ਲਿਆ ਹੈ। ਰਾਣਾ ਦੀ ਹੱਤਿਆ ਦੀ ਜ਼ਿੰਮੇਵਾਰੀ ਗੈਂਗਸਟਰ ਗੋਪੀ ਘਣਸ਼ਾਮਪੁਰੀਆ ਨੇ ਲੈਂਦਿਆਂ ਸੋਸ਼ਲ ਮੀਡੀਆ 'ਤੇ ਪੋਸਟ ਪਾ ਕੇ ਲਿਖਿਆ ਸੀ ਕਿ ਰਾਣਾ ਨੂੰ ਮਾਰ ਕੇ ਮੂਸੇਵਾਲਾ ਦੇ ਕਤਲ ਦਾ ਬਦਲਾ ਲਿਆ ਗਿਆ ਹੈ। ਰਾਣਾ ਦਾ ਘਟਨਾ ਤੋਂ ਕੁਝ ਦਿਨ ਪਹਿਲਾਂ ਹੀ ਵਿਆਹ ਹੋਇਆ ਸੀ।

## ਹੌਲਦਾਰ ਦੀ ਮੌਤ

**ਧਰਮਕੋਟ** : ਮੋਗਾ-ਅੰਮ੍ਰਿਤਸਰ ਰਾਜ ਮਾਰਗ ਉੱਤੇ ਪਿੰਡ ਗਹਿਲੀਵਾਲਾ ਨੇੜੇ ਦੇਰ ਸ਼ਾਮ ਸਕੂਲੀ ਬੱਸ ਤੇ ਹੌਂਡਾ ਕਾਰ ਦੀ ਟੱਕਰ 'ਚ ਹੌਲਦਾਰ ਦੀ ਮੌਤ ਹੋ ਗਈ। ਭਾਗੂ ਪਿੰਡ ਦੇ ਨਿੱਜੀ ਸਕੂਲ ਦੀ ਸ਼ਰਧਾਲੂਆਂ ਨਾਲ ਭਰੀ ਸਵਰਾਜ ਮਾਜ਼ਦਾ ਮਿੰਨੀ ਬੱਸ ਸ਼ਹੀਦ ਬਾਬਾ ਦੀਪ ਸਿੰਘ ਦੇ ਅਸਥਾਨ ਉੱਤੇ ਐਤਵਾਰ ਨੂੰ ਚਲਦੇ ਚੌਪਹਿਰਾ ਸਾਹਿਬ ਸਮਾਗਮ ਤੋਂ ਵਾਪਸ ਆ ਰਹੀ ਸੀ। ਪੰਜਾਬ ਪੁਲਸ ਦਾ ਹੌਲਦਾਰ ਦਲਜੀਤ ਸਿੰਘ, ਜੋ ਕਿ ਥਾਣਾ ਸਦਰ ਮੋਗਾ ਵਿਖੇ ਤਾਇਨਾਤ ਸੀ, ਡਿਊਟੀ ਕਰਕੇ ਕਾਰ 'ਚ ਘਰ ਵਾਪਸ ਆ ਰਿਹਾ ਸੀ। ਬੱਸ ਕਾਰ ਦਾ ਬਚਾਅ ਕਰਦਿਆਂ ਖੁਦ ਸਫੈਦੇ ਦੇ ਦਰੱਖਤ ਨਾਲ ਜਾ ਟਕਰਾਈ। ਬੱਸ ਸਵਾਰ ਵਾਲ-ਵਾਲ ਬਚ ਗਏ, ਪਰ ਦਲਜੀਤ ਸਿੰਘ ਦੀ ਸਿਵਲ ਹਸਪਤਾਲ ਮੋਗਾ ਲਿਜਾਂਦਿਆਂ ਮੌਤ ਹੋ ਗਈ।

# ਪੱਛਮੀ ਬੰਗਾਲ 'ਤੇ ਭਗਵਾਂ ਰੰਗ ਚੜ੍ਹਿਆ, ਦੱਖਣ ਨੇ ਹੱਲਾ ਪਛਾੜਿਆ

## ਤਾਮਿਲਨਾਡੂ 'ਚ ਹੀਰੋ ਵਿਜੇ ਦਾ ਤਹਿਲਕਾ, ਕੇਰਲਾ 'ਚ ਕਾਂਗਰਸ ਗੱਠਜੋੜ ਦੀ 10 ਸਾਲ ਬਾਅਦ ਵਾਪਸੀ, ਆਸਾਮ ਤੇ ਪੁੱਡੂਚੇਰੀ 'ਤੇ ਭਾਜਪਾ ਗੱਠਜੋੜ ਦਾ ਕਬਜ਼ਾ ਬਰਕਰਾਰ

**ਨਵੀਂ ਦਿੱਲੀ** : ਸੈਕੂਲਰਿਜ਼ਮ ਦਾ ਗੜ੍ਹ ਰਿਹਾ ਪੱਛਮੀ ਬੰਗਾਲ ਸੋਮਵਾਰ ਭਾਜਪਾ ਦੀ ਵੱਡੀ ਜਿੱਤ ਨਾਲ ਭਗਵੇਂ ਰੰਗ ਵਿੱਚ ਰੰਗਿਆ ਗਿਆ, ਪਰ ਦੱਖਣ ਦੇ ਵੱਡੇ ਰਾਜਾਂ ਤਾਮਿਲਨਾਡੂ ਤੇ ਕੇਰਲਾ ਨੇ ਅੰਧ-ਰਾਸ਼ਟਰਵਾਦ ਦੇ ਹੱਲੇ ਨੂੰ ਪਛਾੜ ਦਿੱਤਾ। ਤਾਮਿਲਨਾਡੂ ਵਿੱਚ ਹੀਰੋ ਵਿਜੇ ਦੀ ਟੀ ਵੀ ਕੇ ਪਾਰਟੀ ਨੇ ਪਹਿਲੀ ਵਾਰ ਚੋਣ ਲੜ ਕੇ ਤਹਿਲਕਾ ਮਚਾ ਦਿੱਤਾ। ਉਸ ਨੇ ਦੋਹਾਂ ਵੱਡੀਆਂ ਦ੍ਰਾਵਿੜ ਪਾਰਟੀਆਂ ਡੀ ਐੱਮ ਕੇ ਤੇ ਅੰਨਾ ਡੀ ਐੱਮ ਕੇ ਨੂੰ ਬੇਦਖਲ ਕਰ ਦਿੱਤਾ। ਕੇਰਲਾ ਵਿੱਚ ਕਾਂਗਰਸ ਦੀ ਅਗਵਾਈ ਵਾਲੇ ਯੂਨਾਈਟਿਡ ਡੈਮੋਕਰੇਟਿਕ ਫਰੰਟ (ਯੂ ਡੀ ਐੱਫ) ਨੇ 10 ਸਾਲ ਤੋਂ ਰਾਜ ਕਰ ਰਹੇ ਲੈੱਫਟ ਡੈਮੋਕਰੇਟਿਕ ਫਰੰਟ (ਐੱਲ ਡੀ ਐੱਫ) ਨੂੰ ਹਰਾ ਕੇ ਵਾਪਸੀ ਕੀਤੀ, ਜਦਕਿ ਆਸਾਮ ਵਿੱਚ ਭਾਜਪਾ ਪਹਿਲਾਂ ਨਾਲੋਂ ਵੱਡੇ ਫਰਕ ਨਾਲ ਲਗਾਤਾਰ ਤੀਜੀ ਵਾਰ ਸੱਤਾ 'ਚ ਆ ਗਈ। ਪੁਡੂਚੇਰੀ ਵਿੱਚ ਵੀ ਭਾਜਪਾ ਨਾਲ ਮਿਲ ਕੇ ਚੱਲਣ ਵਾਲੀ ਮੁੱਖ ਮੰਤਰੀ ਐੱਨ ਰੰਗਾਸਵਾਮੀ ਦੀ ਪਾਰਟੀ ਆਲ ਇੰਡੀਆ ਐੱਨ ਆਰ ਕਾਂਗਰਸ ਅੱਗੇ ਚੱਲ ਰਹੀ ਸੀ।

ਵਿਜੇ ਦੀ ਪਾਰਟੀ ਟੀ ਵੀ ਕੇ 30 ਸੀਟਾਂ ਜਿੱਤ ਚੁੱਕੀ ਸੀ ਤੇ 77 'ਤੇ ਅੱਗੇ ਚੱਲ ਰਹੀ ਸੀ। ਬਹੁਮਤ ਲਈ 234 ਵਿੱਚੋਂ 118 ਸੀਟਾਂ ਦਰਕਾਰ ਹਨ। ਵਿਜੇ ਦੇ ਪਿਤਾ ਚੰਦਰਸ਼ੇਖਰ ਨੇ ਕਿਹਾ ਹੈ ਕਿ ਉਹ ਲੋੜ ਪੈਣ 'ਤੇ ਕਾਂਗਰਸ ਨਾਲ ਗੱਠਜੋੜ ਕਰ ਸਕਦੇ ਹਨ। ਕਮਿਊਨਿਸਟ ਪਾਰਟੀਆਂ ਵੱਲੋਂ ਵੀ ਵਿਜੇ ਦਾ ਸਾਥ ਦੇ ਦੇਣ ਦੀ ਉਮੀਦ ਹੈ। ਟੀ ਵੀ ਕੇ ਦੇ ਬੀ ਐੱਸ ਬਾਬੂ ਨੇ ਕੋਲਾਥੁਰ ਸੀਟ 'ਤੇ ਡੀ ਐਮ ਕੇ ਮੁਖੀ ਤੇ ਮੁੱਖ ਮੰਤਰੀ ਐੱਮ ਕੇ ਸਟਾਲਿਨ ਨੂੰ 8 ਹਜ਼ਾਰ ਤੋਂ ਵੱਧ ਵੋਟਾਂ ਨਾਲ ਹਰਾਇਆ। ਪੁੱਡੂਚੇਰੀ ਦੀਆਂ 30 ਸੀਟਾਂ ਦੇ 24 ਨਤੀਜਿਆਂ ਵਿੱਚੋਂ ਰੰਗਾਸਵਾਮੀ ਦੀ ਪਾਰਟੀ ਨੇ 9 ਅਤੇ ਭਾਜਪਾ ਨੇ 3 ਸੀਟਾਂ ਜਿੱਤ ਲਈਆਂ ਸਨ। ਡੀ ਐੱਮ ਕੇ ਨੇ 3 ਤੇ ਟੀ ਵੀ ਕੇ ਨੇ 2 ਸੀਟਾਂ ਜਿੱਤੀਆਂ ਸਨ। 140 ਮੈਂਬਰੀ ਕੇਰਲਾ ਅਸੈਂਬਲੀ ਦੇ 134 ਨਤੀਜਿਆਂ ਵਿੱਚੋਂ 62 ਕਾਂਗਰਸ, 24 ਖੱਬੇ ਮੁਹਾਜ਼ ਤੇ 20 ਇੰਡੀਅਨ ਯੂਨੀਅਨ ਮੁਸਲਮ ਲੀਗ ਦੇ ਹੱਕ ਵਿੱਚ ਗਏ ਸਨ। ਲੀਗ ਕਾਂਗਰਸ ਦੇ ਗੱਠਜੋੜ ਵਿੱਚ ਹੈ।

126 ਮੈਂਬਰੀ ਆਸਾਮ ਅਸੈਂਬਲੀ ਦੇ 71 ਨਤੀਜਿਆਂ ਵਿੱਚੋਂ 57 ਭਾਜਪਾ, 6 ਬੋਡੋਲੈਂਡ ਪੀਪਲਜ਼ ਫਰੰਟ, 3 ਏ ਜੀ ਪੀ, 2 ਕਾਂਗਰਸ, ਇੱਕ-ਇੱਕ ਟੀ ਐੱਮ ਸੀ ਤੇ ਏ ਆਈ ਯੂ ਡੀ ਐੱਫ ਦੇ ਹੱਕ ਵਿੱਚ ਗਏ ਸਨ। 294 ਮੈਂਬਰੀ ਬੰਗਾਲ ਅਸੈਂਬਲੀ ਦੀਆਂ 293 ਸੀਟਾਂ ਦੀ ਗਿਣਤੀ ਵਿੱਚ ਭਾਜਪਾ 41 ਸੀਟਾਂ ਜਿੱਤ ਚੁੱਕੀ ਸੀ ਤੇ 161 'ਤੇ ਅੱਗੇ ਸੀ। ਹੁਕਮਰਾਨ ਟੀ ਐੱਮ ਸੀ ਨੇ 18 ਸੀਟਾਂ ਜਿੱਤੀਆਂ ਸਨ ਤੇ 67 'ਤੇ ਅੱਗੇ ਸੀ। ਕਾਂਗਰਸ ਨੇ 2 ਜਿੱਤੀਆਂ ਸਨ ਤੇ ਇੱਕ 'ਤੇ ਅੱਗੇ ਸੀ। ਖੱਬੇ ਮੁਹਾਜ਼ ਦੋ ਸੀਟਾਂ 'ਤੇ ਅੱਗੇ ਸੀ।

### ਵਿਜੇ ਸਿਆਸਤ ਦਾ ਵੀ ਮੈਗਾ ਸਟਾਰ



## ਰੁਪੱਈਆ ਹਾਰਿਆ !

**ਮੁੰਬਈ** : ਜਦੋਂ ਭਾਜਪਾ ਵੋਟਾਂ ਦੀ ਗਿਣਤੀ ਦੌਰਾਨ ਜਿੱਤਾਂ ਦਰਜ ਕਰ ਰਹੀ ਸੀ, ਉਦੋਂ ਰੁਪੱਈਆ ਗੋਤੇ ਖਾ ਰਿਹਾ ਸੀ। ਸੋਮਵਾਰ ਰੁਪੱਈਏ ਦੀ ਡਾਲਰ ਦੇ ਮੁਕਾਬਲੇ 39 ਪੈਸੇ ਦੀ ਕਦਰ-ਘਟਾਈ ਹੋਈ ਤੇ ਡਾਲਰ 95.23 ਰੁਪਏ ਦਾ ਹੋ ਗਿਆ। ਪਹਿਲੀ ਵਾਰ ਰੁਪੱਈਏ ਦੇ ਮੁਕਾਬਲੇ ਡਾਲਰ ਏਨਾ ਤਕੜਾ ਹੋਇਆ ਹੈ।

# ਹੁਣ ਕਿਤੇ ਨਹੀਂ ਰਿਹਾ ਰਾਜ !

**ਨਵੀਂ ਦਿੱਲੀ** : ਕੇਰਲਾ ਵਿੱਚ ਖੱਬੇ ਮੁਹਾਜ਼ ਦੀ ਹਾਰ ਤੋਂ ਬਾਅਦ ਪਹਿਲੀ ਵਾਰ ਹੋਵੇਗਾ ਕਿ 1977 ਤੋਂ ਦੇਸ਼ ਵਿੱਚ ਕਿਸੇ ਰਾਜ 'ਚ ਕਮਿਊਨਿਸਟਾਂ ਦੀ ਸਰਕਾਰ ਨਹੀਂ ਹੋਵੇਗੀ। ਇੱਕ ਵੇਲੇ ਕਮਿਊਨਿਸਟਾਂ ਨੇ ਕੇਰਲਾ, ਤ੍ਰਿਪੁਰਾ ਤੇ ਪੱਛਮੀ ਬੰਗਾਲ ਵਿੱਚ ਰਾਜ ਕੀਤਾ। ਸੀ ਪੀ ਆਈ ਨੇ 1957 ਵਿੱਚ ਕੇਰਲਾ 'ਚ ਈ ਐੱਮ ਐੱਸ ਨੰਬੂਦਰੀਪਾਦ ਦੀ ਅਗਵਾਈ 'ਚ ਪਹਿਲੀ ਸਰਕਾਰ ਬਣਾਈ, ਭਾਵੇਂ ਕਿ ਬਹੁਮਤ ਬਹੁਤ ਥੋੜ੍ਹਾ ਸੀ। ਦਰਅਸਲ ਇਹ ਦੁਨੀਆ ਵਿੱਚ ਪਹਿਲੀ ਜਮਹੂਰੀ ਢੰਗ ਨਾਲ ਚੁਣੀ ਕਮਿਊਨਿਸਟ ਸਰਕਾਰ ਸੀ। ਇਸ ਨੇ ਵਿਆਪਕ ਖੇਤੀ ਤੇ ਜ਼ਮੀਨੀ ਸੁਧਾਰ ਕੀਤੇ। ਸਰਕਾਰ 'ਚ ਸਿਆਸੀ, ਇਲਾਕਾਈ, ਧਾਰਮਿਕ ਤੇ ਸਮਾਜੀ ਹਿੱਤਾਂ ਵਾਲੀਆਂ ਹੋਰ ਪਾਰਟੀਆਂ ਵੀ ਸਨ। ਇਨ੍ਹਾਂ ਨੇ ਸੁਧਾਰਾਂ ਦਾ ਵਿਰੋਧ ਕੀਤਾ। ਨਤੀਜੇ ਵਜੋਂ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੂੰ ਇਸ ਨੂੰ ਦੋ ਸਾਲ ਬਾਅਦ ਡਿਸਮਿਸ ਕਰਨ ਦਾ ਮੌਕਾ ਮਿਲ ਗਿਆ। ਦੇਸ਼ ਵਿੱਚ ਕੇਂਦਰ ਨੇ ਪਹਿਲੀ ਵਾਰ ਧਾਰਾ



356 ਲਾਗੂ ਕਰਕੇ ਕਿਸੇ ਰਾਜ ਵਿੱਚ ਰਾਸ਼ਟਰਪਤੀ ਰਾਜ ਲਾਗੂ ਕੀਤਾ। ਪੱਛਮੀ ਬੰਗਾਲ ਵਿੱਚ ਖੱਬੇ ਮੁਹਾਜ਼ ਨੇ ਜਿਓਤੀ ਬਾਸੂ ਤੇ ਬੁੱਧਾਦੇਵ ਭੱਟਾਚਾਰੀਆ ਦੀ ਅਗਵਾਈ ਵਿੱਚ 1977 ਤੋਂ 2011 ਤੱਕ ਰਾਜ ਕੀਤਾ। ਤ੍ਰਿਪੁਰਾ ਵਿੱਚ 1977 'ਚ ਪਹਿਲੀ ਵਾਰ ਖੱਬੇ ਮੁਹਾਜ਼ ਨੇ ਸਰਕਾਰ ਬਣਾਈ। ਮਾਨਿਕ ਸਰਕਾਰ 1998 ਤੋਂ 2018 ਤੱਕ ਮੁੱਖ ਮੰਤਰੀ ਰਹੇ। ਉਸ ਤੋਂ ਬਾਅਦ ਭਾਜਪਾ ਨੇ ਤ੍ਰਿਪੁਰਾ 'ਤੇ ਕਬਜ਼ਾ ਕਰ ਲਿਆ।

# ਸੁਨੇਤਰਾ ਨੇ ਰਿਕਾਰਡ ਤੋੜਿਆ

**ਮੁੰਬਈ** : ਦੇਸ਼ ਵਿੱਚ 7 ਅਸੈਂਬਲੀ ਸੀਟਾਂ ਦੀਆਂ ਉਪ ਚੋਣਾਂ ਵਿੱਚ ਮਹਾਰਾਸ਼ਟਰ ਦੀ ਬਾਰਾਮਤੀ ਅਸੈਂਬਲੀ ਸੀਟ ਐੱਨ ਸੀ ਪੀ ਦੀ ਉਮੀਦਵਾਰ ਸੁਨੇਤਰਾ ਪਵਾਰ ਨੇ 2,18,930 ਵੋਟਾਂ ਦੇ ਵੱਡੇ ਫਰਕ ਨਾਲ ਜਿੱਤੀ ਹੈ। ਇਹ ਜਿੱਤ ਦਾ ਅੰਤਰ ਭਾਰਤੀ ਇਤਿਹਾਸ ਵਿੱਚ ਹੁਣ ਤੱਕ ਦਾ ਸਭ ਤੋਂ ਵੱਡਾ ਰਿਕਾਰਡ ਹੈ। ਇਸ ਤੋਂ ਪਹਿਲਾਂ ਇਹ ਰਿਕਾਰਡ ਯੂ ਪੀ ਦੇ ਸਾਹਿਬਾਬਾਦ ਤੋਂ ਭਾਜਪਾ ਵਿਧਾਇਕ ਸੁਨੀਲ ਕੁਮਾਰ ਸ਼ਰਮਾ ਦੇ ਨਾਂਅ ਸੀ, ਜਿਸ ਨੇ 2022 ਵਿੱਚ 2,14,835 ਵੋਟਾਂ ਨਾਲ ਜਿੱਤ ਪ੍ਰਾਪਤ ਕੀਤੀ ਸੀ। ਸੁਨੇਤਰਾ ਪਵਾਰ ਮਹਾਰਾਸ਼ਟਰ ਦੇ



ਸਾਬਕਾ ਉਪ ਮੁੱਖ ਮੰਤਰੀ ਅਜੀਤ ਪਵਾਰ ਦੀ ਪਤਨੀ ਹੈ, ਜਿਨ੍ਹਾ ਦੇ 28 ਜਨਵਰੀ ਨੂੰ ਜਹਾਜ਼ ਹਾਦਸੇ ਵਿੱਚ ਦੇਹਾਂਤ ਤੋਂ ਬਾਅਦ ਸੀਟ ਖਾਲੀ ਹੋਈ ਸੀ। ਮਹਾਰਾਸ਼ਟਰ ਦੀ ਦੂਜੀ ਸੀਟ ਰਾਹੂਰੀ ਤੋਂ ਭਾਜਪਾ ਦੇ ਅਕਸ਼ੈ ਕਾਰਡਿਲੇ ਨੇ ਜਿੱਤ ਹਾਸਲ ਕੀਤੀ ਹੈ। ਭਾਜਪਾ ਨੇ ਗੁਜਰਾਤ ਦੀ ਲਿਮਖੇੜਾ ਸੀਟ ਵੀ ਜਿੱਤ ਲਈ ਹੈ। ਨਾਗਾਲੈਂਡ ਤੇ ਤ੍ਰਿਪੁਰਾ ਦੀ 1-1 ਸੀਟ 'ਤੇ ਭਾਜਪਾ ਉਮੀਦਵਾਰ ਜੇਤੂ ਰਹੇ। ਕਰਨਾਟਕ ਦੀ ਬਾਗਲਕੋਟ ਸੀਟ ਕਾਂਗਰਸ ਉਮੀਦਵਾਰ ਨੇ ਜਿੱਤੀ ਹੈ। ਦਾਵਣਗੇਰੇ ਸਾਊਥ ਤੋਂ ਵੀ ਕਾਂਗਰਸ ਜਿੱਤ ਵੱਲ ਵਧ ਰਹੀ ਸੀ।

# ਪਾਵਰ ਮੈਨੇਜਮੈਂਟ ਵੱਲੋਂ 15 ਤੱਕ ਮੰਗਾਂ ਲਾਗੂ ਕਰਨ ਦਾ ਭਰੋਸਾ



**ਚੰਡੀਗੜ੍ਹ** : ਬਿਜਲੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਪ੍ਰਮੁੱਖ ਜਥੇਬੰਦੀਆਂ ਪੀ ਐੱਸ ਈ ਬੀ ਇੰਪਲਾਇਜ਼ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ, ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰਜ਼, ਗਰਿੱਡ ਸਬ-ਸਟੇਸ਼ਨ ਇੰਪਲਾਈਜ਼ ਯੂਨੀਅਨ (ਰਜਿ. 24), ਪਾਵਰਕਾਮ ਅਤੇ ਟ੍ਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ (ਸੰਬੰਧਤ ਏਟਕ), ਪੈਨਸ਼ਨਰ ਵੈੱਲਫੇਅਰ ਫੈਡਰੇਸ਼ਨ ਨਾਲ ਸੰਬੰਧਤ ਆਗੂਆਂ ਦੀ ਮੀਟਿੰਗ ਪਾਵਰ ਮੈਨੇਜਮੈਂਟ ਨਾਲ ਗੈਸਟ ਹਾਊਸ ਚੰਡੀਗੜ੍ਹ ਵਿਖੇ ਸੀ ਐੱਮ ਡੀ ਡਾ. ਬਸੰਤ ਗਰਗ ਦੀ ਪ੍ਰਧਾਨਗੀ ਹੇਠ ਹੋਈ।

ਸਾਂਝੇ ਥੜ੍ਹੇ ਦੇ ਆਗੂਆਂ ਕੁਲਵਿੰਦਰ ਸਿੰਘ ਢਿੱਲੋਂ, ਗੁਰਪ੍ਰੀਤ ਸਿੰਘ ਗੰਡੀਵਿੰਡ, ਹਰਪਾਲ ਸਿੰਘ ਅਤੇ ਗੁਰਵੇਲ ਸਿੰਘ ਬੱਲਪੁਰੀਆ ਨੇ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਦੇਰ ਸ਼ਾਮ ਤੱਕ ਸੁਖਾਵੇਂ ਮਾਹੌਲ ਵਿੱਚ ਤਕਰੀਬਨ ਤਿੰਨ ਘੰਟੇ ਤੋਂ ਵੱਧ ਸਮੇਂ ਤੱਕ ਚੱਲੀ ਇਸ ਮੀਟਿੰਗ ਵਿੱਚ ਬਿਜਲੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਮੰਗਾਂ, ਮਸਲਿਆਂ ਨੂੰ ਲੈ ਕੇ ਬਿਜਲੀ ਨਿਗਮ ਦੀ ਮੈਨੇਜਮੈਂਟ ਨਾਲ ਵਿਸਥਾਰਪੂਰਵਕ ਵਿਚਾਰ-ਚਰਚਾ ਕੀਤੀ ਗਈ। ਮੀਟਿੰਗ ਵਿੱਚ ਬਿਜਲੀ ਮੁਲਾਜ਼ਮਾਂ ਦੇ ਵਿੱਤੀ ਮਸਲੇ, ਜਿਵੇਂ ਕਿ 17-07-20 ਤੋਂ ਬਾਅਦ ਭਰਤੀ ਹੋਏ ਕਰਮਚਾਰੀਆਂ ਤੇ ਬਿਜਲੀ ਨਿਗਮ ਦੇ ਸਕੇਲ ਲਾਗੂ ਕਰਨ, 17-11-21 ਤੋਂ ਬਾਅਦ ਤਰੱਕੀ ਹੋਏ ਕਰਮਚਾਰੀਆਂ ਨੂੰ ਪੇ ਬੈਂਡ ਦਾ ਲਾਭ ਦੇਣ, ਜੇ ਈ ਕੈਟਾਗਰੀ ਉਪਰ ਵਿੱਤ ਸਰਕੂਲਰ 10/16 ਲਾਗੂ ਕਰਨ, ਗਰੁੱਪ ਨੰ. 13 ਅਤੇ ਅਗਲੇ ਗਰੁੱਪਾਂ ਦੀਆਂ ਕੈਟਾਗਰੀਆਂ ਦੀ • ਬਾਕੀ ਸਫਾ 2 'ਤੇ

## ਕਾਮਰੇਡ ਅਤਰ ਸਿੰਘ ਸੰਗਤਪੁਰਾ ਤੇ ਪਰਵਾਰ ਦੇ ਯੋਗਦਾਨ ਨੂੰ ਨਹੀਂ ਭੁਲਾਇਆ ਜਾ ਸਕਦਾ : ਅਰਸ਼ੀ



**ਦਿੜ੍ਹਬਾ (ਜਸਵੀਰ ਲਾਡੀ)**-ਕਿਸਾਨਾਂ-ਮਜ਼ਦੂਰਾਂ ਦੇ ਸੰਘਰਸ਼ਾਂ 'ਚ ਕਾਮਰੇਡ ਅਤਰ ਸਿੰਘ ਅਤੇ ਉਸ ਦੇ ਪਰਵਾਰ ਦੇ ਯੋਗਦਾਨ ਨੂੰ ਨਹੀਂ ਭੁਲਾਇਆ ਜਾ ਸਕਦਾ।ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸਾਬਕਾ ਵਿਧਾਇਕ ਅਤੇ ਭਾਰਤੀ ਕਮਿਊਨਿਸਟ ਪਾਰਟੀ ਦੇ ਕੌਮੀ ਆਗੂ ਹਰਦੇਵ ਅਰਸ਼ੀ ਨੇ ਮਰਹੂਮ ਕਾਮਰੇਡ ਅਤਰ ਸਿੰਘ ਸੰਗਤਪੁਰਾ ਦੇ ਵੱਡੇ ਸਪੁੱਤਰ • ਬਾਕੀ ਸਫਾ 2 'ਤੇ

## ਪੰਜਾਬ 'ਚ ਤਖਤਾ ਪਲਟ ਛੇਤੀ : ਬਿੱਟੂ

**ਲੁਧਿਆਣਾ** : ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਕਿਹਾ ਹੈ ਕਿ ਜਿਸ ਤਰ੍ਹਾਂ ਪੱਛਮੀ ਬੰਗਾਲ ਦੇ ਲੋਕਾਂ ਨੇ ਮਾਫੀਆ, ਨਸ਼ਿਆਂ ਅਤੇ ਭ੍ਰਿਸ਼ਟਾਚਾਰ ਖਿਲਾਫ ਵੋਟ ਪਾਈ ਹੈ, ਉਸੇ ਤਰ੍ਹਾਂ ਹੁਣ ਪੰਜਾਬ ਦੀ ਵਾਰੀ ਹੈ। ਉਨ੍ਹਾ ਦਾਅਵਾ ਕੀਤਾ ਕਿ ਪੰਜਾਬ ਵਿੱਚ ਵੀ ਜਲਦ ਹੀ ਤਖਤਾ ਪਲਟ ਦੇਖਣ ਨੂੰ ਮਿਲੇਗਾ, ਕਿਉਂਕਿ ਇੱਥੋਂ ਦੇ ਲੋਕ ਵੀ ਬਿਹਤਰੀ ਲਈ ਬਦਲਾਅ ਚਾਹੁੰਦੇ ਹਨ। ਪੱਛਮੀ ਬੰਗਾਲ ਤੋਂ ਸ਼ੁਰੂ ਹੋਇਆ ਬਦਲਾਅ ਦਾ ਰੁਝਾਨ ਹੁਣ ਪੰਜਾਬ ਵਿੱਚ ਵੀ ਵੱਡੀ ਤਬਦੀਲੀ ਲੈ ਕੇ ਆਵੇਗਾ।

# ਹਮਖਿਆਲੀਆਂ ਨੂੰ ਨਾਲ ਲੈ ਕੇ ਸਮਾਜਵਾਦ ਸੰਭਵ : ਬਰਾੜ

### ਦੇਵੀ ਕੁਮਾਰੀ ਵੱਲੋਂ ਵੱਧ ਤੋਂ ਵੱਧ ਅਵਾਮੀ ਜਥੇਬੰਦੀਆਂ ਉਸਾਰਨ ਦਾ ਸੱਦਾ



**ਬੰਗਾ (ਅਵਤਾਰ ਕਲੇਰ)**-ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਕਾਰਲ ਮਾਰਕਸ ਅਤੇ ਵੀ ਆਈ ਲੈਨਿਨ ਦੇ ਜਨਮ ਦਿਨ ਨੂੰ ਸਮਰਪਤ ਸਿਧਾਂਤਕ ਪੰਦਰਵਾੜਾ 22 ਅਪ੍ਰੈਲ ਤੋਂ 5 ਮਈ ਤੱਕ ਪੰਜਾਬ ਦੇ ਸਾਰੇ ਜ਼ਿਲ੍ਹਿਆਂ, ਤਹਿਸੀਲਾਂ ਵਿੱਚ ਕਨਵੈਨਸ਼ਨਾਂ, ਰੈਲੀਆਂ ਅਤੇ ਮੁਜ਼ਾਹਰੇ ਕਰਕੇ ਮਨਾਇਆ ਜਾ ਰਿਹਾ ਹੈ।ਇਸ ਸਿਧਾਂਤਕ ਪੰਦਰਵਾੜੇ ਨੂੰ ਸਮਰਪਤ ਸੀ ਪੀ ਆਈ ਦਫ਼ਤਰ ਸ਼ਹੀਦ ਕਾਮਰੇਡ ਮਲਕੀਤ ਚੰਦ ਮੇਹਲੀ ਭਵਨ ਨਵਾਂ ਸ਼ਹਿਰ ਵਿਖੇ ਕਾਰਲ ਮਾਰਕਸ ਦਾ ਜਨਮ ਦਿਨ ਮਨਾਇਆ ਗਿਆ।ਇਸ ਮੌਕੇ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਬੰਤ ਸਿੰਘ ਬਰਾੜ, ਦੇਵੀ ਕੁਮਾਰੀ ਸਰਹਾਲੀ ਕਲਾਂ ਸੂਬਾ ਸਕੱਤਰ ਪੰਜਾਬ ਖੇਤ ਮਜ਼ਦੂਰ ਸਭਾ, ਸੀ ਪੀ ਆਈ ਤਹਿਸੀਲ ਬਲਾਚੌਰ ਦੇ ਸਕੱਤਰ ਪਰਮਿੰਦਰ • ਬਾਕੀ ਸਫਾ 2 'ਤੇ

# ਅੱਜ-ਨਾਮਾ

ਮਨਸ਼ਾ ਮੋਦੀ ਦੀ ਟੀਮ ਦੀ ਸਿਰੇ ਚੜ੍ਹ'ਗੀ,
ਐਤਕੀਂ ਜਿੱਤਿਆ ਨਵਾਂ ਇੱਕ ਰਾਜ ਬੇਲੀ।
ਮਮਤਾ ਬੈਨਰਜੀ ਦਾ ਟੁੱਟਾ ਕਿਲ੍ਹਾ ਆਖਰ,
ਬੜਾ ਕਈਆਂ ਨੂੰ ਉਹਦਾ ਸੀ ਨਾਜ਼ ਬੇਲੀ।
ਭਿੜੀ 'ਕੱਲੀ ਤੇ ਲਿਆ ਨਹੀਂ ਨਾਲ ਕੋਈ,
ਰੱਖਿਆ ਕਦੇ ਨਹੀਂ ਸਾਂਝ-ਲਿਹਾਜ ਬੇਲੀ।
ਕੀਤੀ ਅਕਲ ਨਾ ਖੱਬਿਆਂ-ਕਾਂਗਰਸੀਆਂ,
ਡੋਬ ਲਿਆ ਆਪਣਾ ਨਾਲ ਜਹਾਜ਼ ਬੇਲੀ।
ਕਰਿਆ ਗੱਲੀਂ ਵਿਰੋਧ ਜਿਸ ਭਾਜਪਾ ਦਾ,
ਝੋਲੀ ਉਹਦੀ ਹੈ ਸੱਭੋ ਕੁਝ ਪਿਆ ਬੇਲੀ।
ਵੇਲੇ ਸਿਰ ਨਹੀਂ ਵਕਤ ਦੀ ਨਬਜ਼ ਜਾਣੀ,
ਬਣਦਾ ਮੋੜ ਨਹੀਂ ਕੱਟਿਆ ਗਿਆ ਬੇਲੀ।

-ਤੀਸ ਮਾਰ ਖਾਂ

## ਕਾਰਲ ਮਾਰਕਸ ਦੇ ਜਨਮ ਦਿਹਾੜੇ 'ਤੇ ਵਿਚਾਰ-ਚਰਚਾ ਅੱਜ

**ਜਲੰਧਰ** : ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ ਸੰਧੂ, ਜਨਰਲ ਸਕੱਤਰ ਗੁਰਮੀਤ ਸਿੰਘ ਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਕਾਰਲ ਮਾਰਕਸ ਦੇ 208ਵੇਂ ਜਨਮ ਦਿਹਾੜੇ ਮੌਕੇ 5 ਮਈ ਸਵੇਰੇ 11 ਵਜੇ ਦੇਸ਼ ਭਗਤ ਯਾਦਗਾਰ ਹਾਲ ਵਿਖੇ ਭਾਈ ਸੰਤੋਖ ਸਿੰਘ ਕਿਰਤੀ ਭਾਸ਼ਣ ਲੜੀ ਤਹਿਤ ਹੋਣ ਵਾਲੇ ਸਮਾਗਮ 'ਚ 'ਅਜੋਕੇ ਸਮੇਂ 'ਚ ਮਾਰਕਸਵਾਦ ਦੀ ਪ੍ਰਸੰਗਿਕਤਾ' ਵਿਸ਼ੇ 'ਤੇ ਬੂਟਾ ਸਿੰਘ ਮਹਿਮੂਦਪੁਰ ਮੁੱਖ ਵਕਤਾ ਹੋਣਗੇ। ਉਹਨਾਂ ਦੱਸਿਆ ਕਿ ਸਮੂਹ ਸਾਹਿਤਕ, ਸੱਭਿਆਚਾਰਕ, ਜਮਹੂਰੀ, ਤਰਕਸ਼ੀਲ, ਮਿਹਨਤਕਸ਼ ਵਰਗਾਂ ਨਾਲ ਸੰਬੰਧਤ ਅਤੇ ਸਮਾਜਿਕ, ਲੋਕ ਪੱਖੀ ਸਮੂਹ ਸੰਸਥਾਵਾਂ ਨੂੰ ਵਿਚਾਰ-ਚਰਚਾ ਵਿੱਚ ਸ਼ਾਮਲ ਹੋਣ ਲਈ ਖੁੱਲ੍ਹਾ ਸੱਦਾ ਦਿੱਤਾ ਗਿਆ ਹੈ, ਜਿਸ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ।




ਨਵਾਂ ਜ਼ਮਾਨਾ
ਮੰਗਲਵਾਰ, 5 ਮਈ 2026

# ਪੱਤਰਕਾਰਾਂ ਦਾ ਹਾਲ

3 ਮਈ ਨੂੰ ਵਿਸ਼ਵ ਪ੍ਰੈੱਸ ਆਜ਼ਾਦੀ ਦਿਵਸ ਸਾਨੂੰ ਇਹ ਯਾਦ ਦਿਵਾਉਣ ਲਈ ਮਨਾਇਆ ਜਾਂਦਾ ਹੈ ਕਿ ਮੀਡੀਆ ਦੀ ਆਜ਼ਾਦੀ ਕਿਸੇ ਵੀ ਦੇਸ਼ ਅਤੇ ਸਮਾਜ ਲਈ ਕਿੰਨੀ ਮਹੱਤਵਪੂਰਨ ਹੈ। ਮੀਡੀਆ ਸਿਰਫ ਤਾਂ ਹੀ ਸੱਚੀਆਂ ਅਤੇ ਸਹੀ ਖਬਰਾਂ ਅਤੇ ਮੁੱਦੇ ਦੁਨੀਆ ਸਾਹਮਣੇ ਲਿਆ ਸਕਦਾ ਹੈ, ਜੇ ਇਸ ਨੂੰ ਸੈਂਸਰ ਨਾ ਕੀਤਾ ਜਾਵੇ ਅਤੇ ਜੇ ਇਸ ਨੂੰ ਸੱਚ ਲਈ ਖੜ੍ਹੇ ਹੋਣ ਲਈ ਨਿਸ਼ਾਨਾ ਨਾ ਬਣਾਇਆ ਜਾਵੇ। ਸਾਡੇ ਦੇਸ਼ ਦੇ ਬਹੁਤ ਸਾਰੇ ਪੱਤਰਕਾਰਾਂ ਨੂੰ ਆਪਣੇ ਪੇਸ਼ੇ ਨਾਲ ਇਨਸਾਫ ਕਰਨ ਲਈ ਆਪਣੀਆਂ ਜਾਨਾਂ ਕੁਰਬਾਨ ਕਰਨੀਆਂ ਪਈਆਂ ਹਨ। ਇਸ ਸੰਦਰਭ ਵਿੱਚ ਸੀਨੀਅਰ ਪੱਤਰਕਾਰ ਗੌਰੀ ਲੰਕੇਸ਼, ਜੋ ਸੱਜੇ-ਪੱਖੀ ਵਿਚਾਰਧਾਰਾ ਦੀ ਆਲੋਚਕ ਸੀ, ਦੀ ਸ਼ਹਾਦਤ ਨੂੰ ਕਦੇ ਨਹੀਂ ਭੁਲਾਇਆ ਜਾ ਸਕਦਾ। ਜੇ ਅਸੀਂ ਵਿਸ਼ਵ ਪੱਧਰ 'ਤੇ ਪੱਤਰਕਾਰਾਂ 'ਤੇ ਹਮਲਿਆਂ 'ਤੇ ਨਜ਼ਰ ਮਾਰੀਏ ਤਾਂ ਕਮੇਟੀ ਟੂ ਪ੍ਰੋਟੈਕਟ ਜਰਨਲਿਸਟਸ ਮੁਤਾਬਕ 2025 ਵਿੱਚ ਦੁਨੀਆ ਭਰ ਵਿੱਚ ਕੁੱਲ 129 ਮੀਡੀਆ ਕਰਮੀ ਮਾਰੇ ਗਏ। ਇਜ਼ਰਾਈਲ ਇਨ੍ਹਾਂ ਮੌਤਾਂ ਵਿੱਚੋਂ ਦੋ-ਤਿਹਾਈ ਲਈ ਜ਼ਿੰਮੇਵਾਰ ਸੀ।

ਪਿਛਲੇ ਸਾਲ ਦੀ ਇੱਕ ਘਟਨਾ ਦੀ ਪ੍ਰੇਸ਼ਾਨ ਕਰਨ ਵਾਲੀ ਵੀਡੀਓ ਫੁਟੇਜ ਸਾਡੇ ਦਿਮਾਗ ਵਿੱਚ ਅਜੇ ਵੀ ਘੁੰਮਦੀ ਹੈ, ਜਦੋਂ ਗਾਜ਼ਾ ਵਿੱਚ ਇੱਕ ਹਸਪਤਾਲ ਦੇ ਬਾਹਰ ਇੱਕ ਮੀਡੀਆ ਟੈਂਟ ਨੂੰ ਇੱਕ ਹਮਲੇ ਵਿੱਚ ਨਿਸ਼ਾਨਾ ਬਣਾਇਆ ਗਿਆ ਸੀ, ਜਿਸ ਵਿੱਚ ਪੱਤਰਕਾਰ ਹਿਲਮੀ ਅਲ-ਫਕਾਵੀ ਜ਼ਿੰਦਾ ਸੜ ਗਿਆ ਸੀ ਅਤੇ ਕਈ ਹੋਰ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ ਸਨ। ਜੇ ਅਸੀਂ ਆਪਣੇ ਦੇਸ਼ ਦੀ ਗੱਲ ਕਰੀਏ ਤਾਂ ਰਿਪੋਰਟਰਜ਼ ਵਿਦਾਊਟ ਬਾਰਡਰਜ਼ ਮੁਤਾਬਕ 2026 ਦੇ ਵਿਸ਼ਵ ਪ੍ਰੈੱਸ ਸੂਚਕ ਅੰਕ ਵਿੱਚ ਭਾਰਤ ਦਾ ਦਰਜਾ 180 ਵਿੱਚੋਂ 157ਵਾਂ ਹੈ, ਜੋ ਕਿ 2025 ਵਿੱਚ 180 ਵਿੱਚੋਂ 151ਵੇਂ ਸਥਾਨ ਤੋਂ ਘੱਟ ਹੈ। ਸਪੱਸ਼ਟ ਤੌਰ 'ਤੇ, ਭਾਰਤ ਵਿੱਚ ਪ੍ਰੈੱਸ ਦੀ ਆਜ਼ਾਦੀ ਹੋਰ ਵੀ ਚੁਣੌਤੀਪੂਰਨ ਹੁੰਦੀ ਜਾ ਰਹੀ ਹੈ। ਭਾਰਤ, ਜਿਸ ਨੂੰ ਕਦੇ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਮੰਨਿਆ ਜਾਂਦਾ ਸੀ, ਪ੍ਰਗਟਾਵੇ ਦੀ ਆਜ਼ਾਦੀ ਨੂੰ ਦਬਾਉਣ ਵਿੱਚ ਮੋਹਰੀ ਬਣਦਾ ਜਾ ਰਿਹਾ ਹੈ। ਪੱਤਰਕਾਰਾਂ ਨੂੰ ਕਤਲ, ਮਨਘੜਤ ਦੋਸ਼ਾਂ ਵਿੱਚ ਕੈਦ ਅਤੇ ਬਰਖਾਸਤਗੀ ਵਰਗੇ ਹਥਿਆਰਾਂ ਨਾਲ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਪੱਤਰਕਾਰ, ਭਾਵੇਂ ਉਹ ਸੁਤੰਤਰ ਪੱਤਰਕਾਰ ਹੋਣ, ਕੋਈ ਵੀ ਮੀਡੀਆ ਹਾਊਸ ਹੋਵੇ ਜਾਂ ਯੂਟਿਊਬਰ, ਸਚਾਈ ਲਈ ਖੜ੍ਹਾ ਹੋਣ ਵਾਲਾ ਕੋਈ ਵੀ ਵਿਅਕਤੀ ਨਿਸ਼ਾਨਾ ਬਣਾਇਆ ਜਾ ਰਿਹਾ।

ਇਸ ਵੇਲੇ ਝਾਰਖੰਡ ਦੇ ਸੁਤੰਤਰ ਪੱਤਰਕਾਰ ਰੂਪੇਸ਼ ਕੁਮਾਰ ਸਿੰਘ ਅਤੇ ਕਸ਼ਮੀਰ ਦੇ ਇਰਫਾਨ ਮੇਰਾਜ ਦੋਵੇਂ ਹੀ ਗੈਰਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ (ਯੂ ਏ ਪੀ ਏ) ਦੇ ਤਹਿਤ ਜੇਲ੍ਹਬੰਦ ਹਨ, ਜੋ ਕਿ ਇੱਕ ਲੋਕਤੰਤਰੀ ਰਾਸ਼ਟਰ ਲਈ ਇੱਕ ਮਹੱਤਵਪੂਰਨ ਸਵਾਲੀਆ ਨਿਸ਼ਾਨ ਖੜ੍ਹਾ ਕਰਦਾ ਹੈ। ਇਰਫਾਨ ਮੇਰਾਜ 20 ਮਾਰਚ, 2023 ਤੋਂ ਜੇਲ੍ਹ ਵਿੱਚ ਹੈ, ਜਦੋਂ ਕਿ ਰੂਪੇਸ਼ ਕੁਮਾਰ ਸਿੰਘ ਨੂੰ 17 ਜੁਲਾਈ, 2022 ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਉਸ ਦੀ ਗ੍ਰਿਫਤਾਰੀ ਤੋਂ ਬਾਅਦ, ਉਸ ਵਿਰੁੱਧ ਤਿੰਨ ਹੋਰ ਮਾਮਲੇ ਦਰਜ ਕੀਤੇ ਗਏ। ਰੂਪੇਸ਼ ਕੁਮਾਰ ਸਿੰਘ ਆਪਣੀ ਬੇਮਿਸਾਲ ਅਤੇ ਦਲੇਰ ਪੱਤਰਕਾਰੀ ਲਈ ਜਾਣਿਆ ਜਾਂਦਾ ਹੈ। ਉਸ ਨੇ ਨਕਸਲਵਾਦੀਆਂ ਦੇ ਖਾਤਮੇ ਦੇ ਨਾਂਅ 'ਤੇ ਆਦਿਵਾਸੀ ਲੋਕਾਂ ਨਾਲ ਹੋ ਰਹੇ ਅਨਿਆਂ ਨੂੰ ਬੇਝਿਜਕ ਉਜਾਗਰ ਕੀਤਾ, ਆਪਣੀਆਂ ਲਿਖਤਾਂ ਰਾਹੀਂ ਸਟੇਟ ਵੱਲੋਂ ਕੀਤੇ ਜਾ ਰਹੇ ਅਣਮਨੁੱਖੀ ਸਲੂਕ ਦਾ ਪਰਦਾਫਾਸ਼ ਕੀਤਾ, ਜਿਸ ਕਾਰਨ ਉਸ ਵਿਰੁੱਧ ਇੱਕ ਨਹੀਂ, ਸਗੋਂ ਕਈ ਮਾਮਲੇ ਦਰਜ ਕੀਤੇ ਗਏ ਹਨ, ਜਿਨ੍ਹਾਂ ਨਾਲ ਉਸ ਨੂੰ ਅਤੇ ਉਸ ਦੀ ਆਵਾਜ਼ ਨੂੰ ਲੰਬੇ ਸਮੇਂ ਤੋਂ ਚੁੱਪ ਕਰਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਰੂਪੇਸ਼ ਦੀ ਦੂਜੀ ਜੇਲ੍ਹ ਦੀ ਸਜ਼ਾ, ਜੋ ਕਿ 17 ਜੁਲਾਈ, 2022 ਨੂੰ ਸ਼ੁਰੂ ਹੋਈ ਸੀ, 3 ਸਾਲ, 9 ਮਹੀਨੇ ਅਤੇ 17 ਦਿਨ ਰਹੀ ਹੈ। ਇਸ ਸਮੇਂ ਦੌਰਾਨ ਉਸ ਨੂੰ ਪੰਜ ਵਾਰ ਝਾਰਖੰਡ ਅਤੇ ਬਿਹਾਰ ਦੀਆਂ ਚਾਰ ਜੇਲ੍ਹਾਂ ਵਿੱਚ ਤਬਦੀਲ ਕੀਤਾ ਗਿਆ ਹੈ, ਜਿਨ੍ਹਾਂ ਵਿੱਚ ਝਾਰਖੰਡ ਦੀਆਂ ਦੋ ਅਤੇ ਬਿਹਾਰ ਦੀਆਂ ਦੋ ਜੇਲ੍ਹਾਂ ਸ਼ਾਮਲ ਹਨ।

ਇੱਕ ਕਤਲ ਦੇ ਦੋਸ਼ੀ ਨੂੰ ਜਨਰਲ ਵਾਰਡ ਵਿੱਚ ਰੱਖਿਆ ਜਾ ਸਕਦਾ ਹੈ, ਪਰ ਰੂਪੇਸ਼ ਵਰਗੇ ਬੁੱਧੀਜੀਵੀ ਨੂੰ ਵਧੇਰੇ ਸੰਵੇਦਨਸ਼ੀਲ ਮੰਨਦੇ ਹੋਏ ਉੱਚ-ਸੁਰੱਖਿਆ ਸੈੱਲ ਵਿੱਚ ਰੱਖਿਆ ਜਾ ਰਿਹਾ ਹੈ। ਰੂਪੇਸ਼ ਇਸ ਸਮੇਂ ਭਾਗਲਪੁਰ ਦੀ ਸ਼ਹੀਦ ਜ਼ੁੱਬਾ ਸਾਹਨੀ ਕੇਂਦਰੀ ਜੇਲ੍ਹ ਵਿੱਚ ਹੈ, ਜਿਸ ਨੂੰ 9 ਅਪ੍ਰੈਲ, 2026 ਨੂੰ ਪਟਨਾ ਦੀ ਆਦਰਸ਼ ਕੇਂਦਰੀ ਜੇਲ੍ਹ, ਬੇਉੜ ਤੋਂ ਪ੍ਰਸ਼ਾਸਕੀ ਤਬਾਦਲੇ 'ਤੇ ਤਬਦੀਲ ਕੀਤਾ ਗਿਆ ਸੀ। ਉਸ ਨੂੰ ਪਟਨਾ ਅਤੇ ਇੱਥੇ ਦੋਵਾਂ ਥਾਵਾਂ 'ਤੇ ਇੱਕ ਸੈੱਲ ਵਿੱਚ ਬੰਦ ਰੱਖਿਆ ਗਿਆ ਹੈ, ਜਿੱਥੇ ਉਸ ਨੂੰ ਜੇਲ੍ਹ ਮੈਨੂਅਲ ਦੇ ਅਨੁਸਾਰ ਨਾ ਤਾਂ ਯੋਗ ਖਾਣਾ-ਪੀਣਾ ਦਿੱਤਾ ਜਾਂਦਾ ਹੈ ਅਤੇ ਨਾ ਹੀ ਉਸ ਨੂੰ ਸਿਹਤ ਸੰਭਾਲ ਜਾਂ ਇਲਾਜ ਮੁਹੱਈਆ ਕਰਵਾਇਆ ਜਾਂਦਾ ਹੈ। ਉਸ ਦੀ ਜੇਲ੍ਹ ਦੀ ਸਥਿਤੀ ਨੂੰ ਇੱਕ ਸਧਾਰਨ ਉਦਾਹਰਣ ਨਾਲ ਸਮਝ ਸਕਦੇ ਹੋ : ਗਰਮੀਆਂ ਸ਼ੁਰੂ ਹੋ ਗਈਆਂ ਹਨ ਅਤੇ ਹੁਣ ਇੱਥੇ ਇੱਕੋ-ਇੱਕ ਸਬਜ਼ੀ ਉਪਲੱਬਧ ਹੈ ਕਟਹਲ। ਇਹ ਉਸ ਨੂੰ ਹਫਤੇ ਵਿੱਚ ਚਾਰ ਤੋਂ ਪੰਜ ਦਿਨ ਦਿੱਤੀ ਜਾਂਦੀ ਹੈ ਅਤੇ ਇਹ ਉਦੋਂ ਤੱਕ ਜਾਰੀ ਰਹੇਗਾ, ਜਦੋਂ ਤੱਕ ਜੇਲ੍ਹ ਦੇ ਕਟਹਲ ਦੇ ਦਰੱਖਤਾਂ ਵਿੱਚੋਂ ਕਟਹਲ ਖਤਮ ਨਹੀਂ ਹੋ ਜਾਂਦਾ। ਉਸ ਤੋਂ ਬਾਅਦ, ਰੋਜ਼ਾਨਾ ਸਬਜ਼ੀਆਂ ਦੇ ਮੀਨੂ ਲਈ ਮੂਲੀ ਅਗਲੀ ਕਤਾਰ ਵਿੱਚ ਹੋਵੇਗੀ, ਕਿਉਂਕਿ ਉਦੋਂ ਤੱਕ, ਮੂਲੀ ਦਾ ਮੌਸਮ ਆ ਚੁੱਕਾ ਹੋਵੇਗਾ ਅਤੇ ਜੇਲ੍ਹ ਦੇ ਖੇਤ ਭਰਪੂਰ ਹੋਣਗੇ। ਇਸ ਦਾ ਮਤਲਬ ਹੈ ਜੇਲ੍ਹ ਦੇ ਅੰਦਰ ਵੀ ਕਈ ਤਰ੍ਹਾਂ ਦੇ ਤਸ਼ੱਦਦ। ਜਦੋਂ ਰੂਪੇਸ਼ ਨੂੰ ਪਹਿਲੀ ਵਾਰ 2024 ਵਿੱਚ ਇਸੇ ਜੇਲ੍ਹ ਵਿੱਚ ਤਬਦੀਲ ਕੀਤਾ ਗਿਆ ਸੀ, ਤਾਂ ਹਾਲਾਤ ਹੋਰ ਵੀ ਬਦਤਰ ਸਨ। ਰੂਪੇਸ਼ ਅਤੇ ਉਸ ਵਰਗੇ ਹੋਰ ਕੈਦੀਆਂ ਦੇ ਸੰਘਰਸ਼ਾਂ ਨੇ ਕੁਝ ਸੁਧਾਰ ਲਿਆਂਦਾ ਸੀ। ਹਾਲਾਂਕਿ ਇਸ ਵਾਰ ਰੂਪੇਸ਼ ਕਹਿੰਦਾ ਹੈ, ਉਹੀ ਸਥਿਤੀ ਦੁਬਾਰਾ ਪੈਦਾ ਹੋਈ ਹੈ। ਰੂਪੇਸ਼ ਵਰਗੇ ਪੱਤਰਕਾਰਾਂ ਦੀਆਂ ਕਹਾਣੀਆਂ ਦੱਸਦੀਆਂ ਹਨ ਕਿ ਭਾਰਤ ਵਿੱਚ ਸੱਚੀ ਪੱਤਰਕਾਰੀ ਕਰਨੀ ਕਿੰਨੀ ਮੁਸ਼ਕਲ ਹੋ ਚੁੱਕੀ ਹੈ।

## ਤਲਬ ਕਰਾਉਣ ਵਾਲੇ

'ਬੌਣੇ ਕੱਦ' ਤੇ ਓਹੋ ਜਿਹੀ 'ਸੋਚ' ਵਾਲੇ,
ਪਦਵੀ ਵੱਡੀ 'ਤੇ ਜਦੋਂ 'ਬਹਾਇ' ਦਿੰਦੇ।
ਕੋਈ ਉਜ਼ਰ-ਇਤਰਾਜ਼ ਨਾ ਕਰਨ ਜੋਗੇ,
ਕਠਪੁਤਲੀਆਂ ਵਾਂਗ 'ਨਚਾਇ' ਦਿੰਦੇ।
ਲੈ ਆਵੇ ਸ਼ਿਕਾਇਤ ਕੋਈ ਮਾਲਕਾਂ ਦੀ,
ਘੇਸਲ ਮਾਰ ਕੇ ਵਕਤ ਲੰਘਾਇ ਦਿੰਦੇ।
ਪੁੱਟਣ ਲੱਗੇ ਕੋਈ ਕਦਮ ਅਜ਼ਾਦ ਹੋ ਕੇ।
ਬੋਰੀ-ਬਿਸਤਰਾ ਹੱਥ ਪਕੜਾਇ ਦਿੰਦੇ।
ਦੇਖੀ ਜਾ ਰਿਹਾ ਪੰਥ ਮਜਬੂਰ ਹੋਇਆ।
'ਗੁੱਸਾ' ਆਏ ਦਿਨ ਹੋਰ ਚੜ੍ਹਾਇ ਦਿੰਦੇ।
'ਕੰਨੀਂ ਫੂਕ' ਜਦ ਵੱਜਦੀ ਉਤਲਿਆਂ ਦੀ,
ਤਲਬ ਕਰਨ ਦਾ 'ਹੁਕਮ ਬਜਾਇ' ਦਿੰਦੇ।

-ਤਰਲੋਚਨ ਸਿੰਘ ਦੁਪਾਲਪੁਰ, 001-408-905-5517

# ਭਾਰਤ ਅਜੇ ਵੀ ਨਿਮਨ ਮੱਧ-ਵਰਗੀ ਆਮਦਨ ਵਾਲਾ ਦੇਸ਼

**ਡਾ. ਅਨੂਪ ਸਿੰਘ**

ਸਾਲ 1960 ਤੋਂ ਬਾਅਦ ਭਾਰਤ ਦੇ ਨਾਗਰਿਕਾਂ ਦੀ ਪ੍ਰਤੀ ਵਿਅਕਤੀ ਆਮਦਨ ਹੇਠ ਲਿਖੇ ਅਨੁਸਾਰ ਵਿਸ਼ਵ ਔਸਤ ਆਮਦਨ ਦੇ ਹਿੱਸੇ ਵਜੋਂ ਦਰਸਾਈ ਗਈ ਹੈ :

| ਸਾਲ | ਵਿਸ਼ਵ ਔਸਤ ਆਮਦਨ 'ਚ ਭਾਰਤੀਆਂ ਦੀ ਔਸਤ ਆਮਦਨ |
|---|---|
| 1960 | 8.4% |
| 1974 | 6.4% |
| 2011 | 13.5% |
| 2023 | 18.1% |

ਸਪੱਸ਼ਟ ਹੈ ਕਿ 60 ਤੋਂ ਵੱਧ ਸਾਲਾਂ ਵਿਚ ਲਗਭਗ 2.27 ਗੁਣਾਂ ਵਾਧਾ ਹੋਇਆ ਹੈ। ਜੇਕਰ 1974 ਦੀ ਆਮਦਨ ਨਾਲ ਮੁਕਾਬਲਾ ਕਰੀਏ ਤਾਂ ਲਗਭਗ 50 ਸਾਲਾਂ 'ਚ ਭਾਰਤੀ ਨਾਗਰਿਕਾਂ ਦੀ ਪ੍ਰਤੀ ਵਿਅਕਤੀ ਆਮਦਨ 'ਚ ਤਿੰਨ ਗੁਣਾਂ ਵਾਧਾ ਹੋਇਆ ਹੈ, ਪਰ ਇਸ ਦੇ ਬਾਵਜੂਦ ਬਹੁਤ ਸਾਰੇ ਦੇਸ਼ਾਂ ਦੇ ਨਾਗਰਿਕ ਸਾਡੇ ਨਾਲੋਂ ਹਰ ਪੱਖ ਤੋਂ ਬਿਹਤਰ ਜ਼ਿੰਦਗੀ ਜੀਅ ਰਹੇ ਹਨ। ਹਕੀਕਤ 'ਚ ਅਫਰੀਕਾ ਅਤੇ ਦੱਖਣੀ ਏਸ਼ੀਆਈ ਦੇਸ਼ਾਂ ਤੋਂ ਬਾਹਰ ਸ਼ਾਇਦ ਹੀ ਕੋਈ ਦੇਸ਼ ਅਜਿਹਾ ਹੋਵੇ, ਜਿਸ ਦੀ ਪ੍ਰਤੀ ਵਿਅਕਤੀ ਆਮਦਨ ਭਾਰਤ ਨਾਲੋਂ ਘੱਟ ਹੋਵੇ।

ਭਾਰਤ ਦੀ ਪ੍ਰਤੀ ਵਿਅਕਤੀ ਆਮਦਨ ਅਮਰੀਕਾ, ਯੂਰਪੀਨ ਦੇਸ਼ਾਂ ਤੇ ਚੀਨ ਨਾਲੋਂ ਬੇਹੱਦ ਘੱਟ ਹੈ। ਅਮਰੀਕਾ ਦੀ ਤਾਂ ਗੱਲ ਹੀ ਛੱਡੋ, ਭਾਰਤ ਦੀ ਪ੍ਰਤੀ ਵਿਅਕਤੀ ਆਮਦਨ ਚੀਨ ਦੀ ਪ੍ਰਤੀ ਵਿਅਕਤੀ ਆਮਦਨ ਨਾਲੋਂ ਪੰਜ ਗੁਣਾਂ ਘੱਟ ਹੈ। ਜਦੋਂ ਬੇਹੱਦ ਘੱਟ ਆਮਦਨ ਵੀ 140 ਕਰੋੜ ਭਾਰਤੀ ਨਾਗਰਿਕਾਂ ਨਾਲ ਗੁਣਾਂ ਕੀਤੀ ਜਾਂਦੀ ਹੈ ਤਾਂ ਸਾਡਾ ਦੇਸ਼ ਦੁਨੀਆਂ ਦਾ ਚੌਥਾ ਵੱਡਾ ਅਰਥਚਾਰਾ ਬਣ ਜਾਂਦਾ ਹੈ। ਸਾਡਾ ਦੇਸ਼ ਮੋਬਾਈਲ ਫ਼ੋਨਾਂ, ਮੋਟਰ ਸਾਈਕਲਾਂ/ਸਕੂਟਰਾਂ ਦੀ ਸਭ ਤੋਂ ਵੱਡੀ ਮੰਡੀ ਹੈ ਅਤੇ ਜਹਾਜ਼ਰਾਨੀ ਅਤੇ ਕਾਰਾਂ ਦੀ ਤੀਜੀ ਜਾਂ ਚੌਥੀ ਸਭ ਤੋਂ ਵੱਡੀ ਮੰਡੀ ਬਣ ਗਿਆ ਹੈ। ਇਨ੍ਹਾਂ ਅਤੇ ਅਜਿਹੀਆਂ ਹੋਰ ਵਸਤਾਂ ਤੇ ਸੇਵਾਵਾਂ ਦੀਆਂ ਮੰਡੀਆਂ ਵਿਚ ਵਿਕਾਸ ਨਾਲ ਮੱਧ ਵਰਗ ਦੀ ਗਿਣਤੀ 'ਚ ਵੱਡਾ ਹੁੰਦਾ ਹੈ। ਇਨ੍ਹਾਂ ਦੀਆਂ ਮੰਗਾਂ ਦੀ ਪੂਰਤੀ ਕਰਨ ਵਾਲੇ ਕਾਰੋਬਾਰਾਂ ਨੇ ਨਿਵੇਸ਼ਕਾਂ ਲਈ ਕਾਫ਼ੀ ਦੌਲਤ ਪੈਦਾ ਕੀਤੀ ਹੈ। ਸਿੱਟੇ ਵਜੋਂ ਡਾਲਰ ਅਰਬਪਤੀਆਂ ਦੀ ਗਿਣਤੀ 'ਚ ਵਾਧਾ ਹੋ ਰਿਹਾ ਹੈ। ਹੁਣ ਇਹ ਤਿੰਨ ਸੌ ਤੋਂ ਵੱਧ ਹੈ। ਪੂਰੀ ਦੁਨੀਆਂ 'ਚ ਅਰਬਪਤੀਆਂ ਦੀ ਗਿਣਤੀ ਪੱਖੋਂ ਭਾਰਤ ਤੀਜੇ ਨੰਬਰ 'ਤੇ ਹੈ। ਮੰਡੀ ਪੂੰਜੀਕਰਨ ਦੇ ਪੱਖ ਤੋਂ ਭਾਰਤੀ ਸਟਾਕ ਮਾਰਕੀਟ ਚੌਥੇ ਸਥਾਨ 'ਤੇ ਹੈ।

ਵਿਸ਼ਵ ਬੈਂਕ ਅਨੁਸਾਰ ਭਾਰਤ ਸਮੇਤ ਦੁਨੀਆਂ ਦੇ 100 ਦੇਸ਼ ਅਗਲੇ ਪੰਜਾਹ ਸਾਲਾਂ 'ਚ ਉੱਚ ਆਮਦਨ ਵਾਲੇ ਦੇਸ਼ਾਂ ਦੇ ਗਰੁੱਪ 'ਚ ਸ਼ਾਮਲ ਹੋਣ ਲਈ ਕਈ ਗੰਭੀਰ ਮੁਸ਼ਕਿਲਾਂ-ਰੁਕਾਵਟਾਂ ਦਾ ਸਾਹਮਣਾ ਕਰ ਰਹੇ ਹਨ। ਵਿਸ਼ਵ ਬੈਂਕ ਦੀ ਇਸੇ ਰਿਪੋਰਟ ਅਨੁਸਾਰ ਭਾਰਤ ਨੂੰ ਅਮਰੀਕਾ ਦੀ ਪ੍ਰਤੀ ਵਿਅਕਤੀ ਆਮਦਨ ਦੇ ਚੌਥੇ ਹਿੱਸੇ ਤੱਕ ਪਹੁੰਚਣ ਲਈ ਅਗਲੀ ਪੌਣੀ ਸਦੀ ਲੱਗੇਗੀ, ਭਾਵ ਲਗਭਗ ਚਾਲੂ ਸਦੀ ਦੇ ਅੰਤ ਤੱਕ। ਭਾਰਤੀ ਨਾਗਰਿਕਾਂ ਦੀ ਔਸਤ ਆਮਦਨ (2026 'ਚ) ਨਿਸਚਿਤ ਤੌਰ 'ਤੇ 3000 ਡਾਲਰ ਤੋਂ ਘੱਟ ਹੈ, ਜਦੋਂ ਕਿ ਅਮਰੀਕਾ ਦੇ ਨਾਗਰਿਕਾਂ ਦੀ ਔਸਤ ਆਮਦਨ 90,000 ਡਾਲਰ ਦੇ ਨੇੜੇ-ਤੇੜੇ ਹੈ। ਭਾਰਤ ਨਾਲੋਂ 30 ਗੁਣਾਂ ਤੋਂ ਵੀ ਵੱਧ। ਆਓ, 1989 ਅਤੇ 2023 ਵਿਚ ਭਾਰਤ ਦੇ ਦੋ ਗੁਆਂਢੀਆਂ ਨਾਲ ਤੁਲਨਾ ਕਰਕੇ ਨਾਗਰਿਕਾਂ ਦੀ ਪ੍ਰਤੀ ਆਮਦਨ ਬਾਰੇ ਜਾਣੀਏ-ਸਮਝੀਏ।

| ਦੇਸ਼ | ਸਾਲ 1989 (ਡਾਲਰਾਂ 'ਚ) | ਸਾਲ 2023 (ਡਾਲਰਾਂ 'ਚ) | ਕਿੰਨੇ ਗੁਣਾ ਵੱਧ |
|---|---|---|---|
| ਭਾਰਤ | 330 | 2,400 | 7.3 ਗੁਣਾਂ |
| ਚੀਨ | 314 | 12,700 | 40.4 ਗੁਣਾਂ |
| ਵੀਅਤਨਾਮ | 98 | 4,350 | 44.4 ਗੁਣਾਂ |

ਭਾਵ ਸਾਡੀ ਸਮੱਸਿਆ 1990-91 ਜਾਂ 1991-92 ਤੋਂ ਬਾਅਦ ਉਦਾਰੀਕਰਨ, ਨਿੱਜੀਕਰਨ ਤੇ ਸੰਸਾਰੀਕਰਨ ਦੀਆਂ ਨੀਤੀਆਂ ਨੂੰ ਲਾਗੂ ਕਰਨ ਤੋਂ ਬਾਅਦ ਸ਼ੁਰੂ ਹੋਈ ਹੈ।

ਬੀਤੇ 50 ਸਾਲਾਂ ਦੇ ਸਿੱਟਿਆਂ ਨੂੰ ਮੁੱਖ ਰੱਖਦਿਆਂ ਰਿਪੋਰਟ ਵਿਚ ਵੇਖਿਆ ਗਿਆ ਹੈ ਕਿ ਦੌਲਤਮੰਦ ਹੋਣ ਦੀ ਪ੍ਰਕਿਰਿਆ 'ਚ ਬਹੁਤ ਦੇਸ਼ ਅਮਰੀਕਾ ਦੇ ਨਾਗਰਿਕਾਂ ਦੀ ਪ੍ਰਤੀ ਵਿਅਕਤੀ ਆਮਦਨ ਦੇ 10% ਹਿੱਸਾ ਭਾਵ ਦਸਵੇਂ ਹਿੱਸੇ ਤੱਕ ਹੀ ਪਹੁੰਚ ਸਕੇ ਹਨ। ਇਹ ਮੱਧ ਆਮਦਨ ਵਾਲੇ ਦੇਸ਼ਾਂ ਦੇ ਠੀਕ ਵਿਚਕਾਰ ਹੈ। ਸਾਲ 2023 ਦੇ ਅੰਤ 'ਚ ਦੁਨੀਆਂ ਦੇ 108 ਦੇਸ਼ ਮੱਧ ਆਮਦਨ ਵਾਲੇ ਹਨ ਅਤੇ ਇਨ੍ਹਾਂ ਦੀ ਆਮਦਨ 1136 ਤੋਂ 13,845 ਅਮਰੀਕੀ ਡਾਲਰ ਦੇ ਵਿਚਕਾਰ ਹੈ। ਭਾਰਤ ਲਗਭਗ 2600 ਅਮਰੀਕੀ ਡਾਲਰ ਪ੍ਰਤੀ ਵਿਅਕਤੀ ਆਮਦਨ ਨਾਲ ਨਿਮਨ ਮੱਧ ਵਰਗੀ ਦੇਸ਼ਾਂ ਵਿਚ ਸ਼ਾਮਲ ਹੈ। ਉਕਤ 108 ਦੇਸ਼ਾਂ ਵਿਚ ਛੇ ਅਰਬ ਲੋਕ ਰਹਿੰਦੇ ਹਨ। ਇਹ ਵਿਸ਼ਵ ਵਸੋਂ ਦਾ 75% ਹੈ ਅਤੇ ਇਨ੍ਹਾਂ ਵਿਚ ਤਿੰਨ 'ਚੋਂ ਦੋ ਵਿਅਕਤੀ ਬੇਹੱਦ ਗਰੀਬੀ 'ਚ ਜ਼ਿੰਦਗੀ ਬਸਰ ਕਰ ਰਹੇ ਹਨ।

ਨੀਤੀ ਆਯੋਗ ਦੀ 2023 ਦੀ ਰਿਪੋਰਟ ਅਨੁਸਾਰ ਰਾਸ਼ਟਰੀ ਪੱਧਰ 'ਤੇ ਪਹੁਪਾਸਾਰੀ ਗਰੀਬੀ ਸੂਚਕ ਸਕੇਲ ਉੱਪਰ ਇਹ ਰਿਪੋਰਟ ਪੰਜਵੇਂ ਰਾਸ਼ਟਰੀ ਪਰਿਵਾਰ ਸਿਹਤ ਸਰਵੇਖਣ (2019-21) ਦੇ ਆਧਾਰ 'ਤੇ ਤਿਆਰ ਕੀਤੀ ਗਈ ਹੈ। ਪੰਜਾਬ ਇਸ ਸੂਚਕ ਸਕੇਲ 'ਤੇ ਪੰਜਵੇਂ ਸਥਾਨ 'ਤੇ ਹੈ, ਜਦੋਂ ਕਿ ਹਰਿਆਣਾ 10ਵੇਂ ਸਥਾਨ 'ਤੇ ਹੈ। ਪੰਜਵੇਂ ਰਾਸ਼ਟਰੀ ਪਰਿਵਾਰ ਸਿਹਤ ਸਰਵੇਖਣ ਦੇ ਆਧਾਰ 'ਤੇ ਹਰਿਆਣਾ 'ਚ 7.07% ਲੋਕ ਗਰੀਬ ਹਨ, ਭਾਵ ਬਹੁ ਪਾਸਾਰੀ/ ਆਯਾਮੀ ਗਰੀਬੀ ਸੂਚਕ ਸਕੇਲ ਅਨੁਸਾਰ ਗਰੀਬ ਹਨ। ਸਾਲ 2015-16 ਵਿਚ ਕੀਤੇ ਗਏ ਚੌਥੇ ਉੱਕਤ ਸਰਵੇ ਵੇਲੇ ਹਰਿਆਣਾ 'ਚ 11.88% ਲੋਕ ਬਹੁ ਆਯਾਮੀ ਗਰੀਬੀ ਵਿਚ ਜੀਅ ਰਹੇ ਸਨ। ਭਾਰਤੀ ਰਾਜਾਂ 'ਚ ਬਹੁ ਆਯਾਮੀ/ਪਾਸਾਰੀ ਗਰੀਬੀ ਪੱਖੋਂ ਕੇਰਲਾ ਸਭ ਤੋਂ ਚੰਗੇਰੀ-ਉਚੇਰੀ ਸਥਿਤੀ ਵਿਚ ਹੈ। ਇਸ ਰਾਜ ਵਿਚ ਕੇਵਲ ਅੱਧਾ ਪ੍ਰਤੀਸ਼ਤ (0.55%) ਨਾਗਰਿਕ ਉੱਕਤ ਪੈਮਾਨਿਆਂ ਅਨੁਸਾਰ ਗਰੀਬ ਹਨ। ਗੋਆ ਦੂਜੇ ਨੰਬਰ 'ਤੇ ਹੈ। ਇਥੇ 0.84% (ਇਕ ਪ੍ਰਤੀਸ਼ਤ ਤੋਂ ਘੱਟ) ਲੋਕ ਬਹੁ-ਪਾਸਾਰੀ ਗਰੀਬੀ ਦਾ ਸ਼ਿਕਾਰ ਹਨ। ਤਾਮਿਲਨਾਡੂ ਤੀਜੇ ਨੰਬਰ 'ਤੇ ਹੈ, ਜਿਥੇ 2.20% ਵੱਸੋਂ ਬਹੁ ਆਯਾਮੀ ਗਰੀਬੀ 'ਚ ਦਿਨ-ਕਟੀ ਕਰ ਰਹੀ ਹੈ। ਸਿੱਕਮ ਚੌਥੇ ਨੰਬਰ 'ਤੇ ਹੈ;, ਜਿੱਥੇ 2.6% ਲੋਕ ਬਹੁ-ਪਾਸਾਰੀ ਗਰੀਬੀ ਸੂਚਕ ਸਕੇਲ ਉੱਪਰ ਹਨ। ਹਿਮਾਚਲ ਪ੍ਰਦੇਸ਼ 4.93% ਵਸੋਂ ਨਾਲ ਸੱਤਵੇਂ ਸਥਾਨ 'ਤੇ ਹੈ। ਸਭ ਤੋਂ ਹੇਠਲੇ ਪੱਧਰ 'ਤੇ ਹਿੰਦੀ ਬੈੱਲਟ ਦੇ ਪ੍ਰਮੁੱਖ ਰਾਜ ਹਨ। ਯੂ.ਪੀ., ਬਿਹਾਰ, ਮੱਧ-ਪ੍ਰਦੇਸ਼ ਅਤੇ ਰਾਜਸਥਾਨ ਆਦਿ ਰਾਜ ਆਜ਼ਾਦੀ ਦੀ ਪੌਣੀ ਸਦੀ ਬਾਅਦ ਵੀ ਬਹੁ-ਪਾਸਾਰੀ ਗਰੀਬੀ ਨਾਲ ਘੁਲ ਰਹੇ ਹਨ। ਗ਼ੈਰ-ਹਿੰਦੀ ਭਾਸ਼ਾ ਰਾਜਾਂ 'ਚ ਇਸ ਪੱਖ ਤੋਂ ਉੜੀਸਾ, ਪੱਛਮੀ ਬੰਗਾਲ ਤੇ ਕੁਝ ਉੱਤਰ-ਪੂਰਬੀ ਰਾਜ ਹਨ।

ਭਾਰਤ ਦੀ ਲਗਭਗ 60% ਵੱਸੋਂ ਬੇਹੱਦ ਪਛੜੀ ਹੋਈ ਹੈ। ਇਨ੍ਹਾਂ ਦੀ ਜੀਵਨ ਗੁਣਵਤਾ ਬੇਹੱਦ ਖਰਾਬ ਹੈ। ਸਿੱਖਿਆ ਤੇ ਸਿਹਤ ਸੇਵਾਵਾਂ ਦਾ ਮਿਆਰ ਬੇਹੱਦ ਘਟੀਆ ਹੈ। ਚੋਟੀ ਦੇ 10-15% ਵੱਸੋਂ ਨੂੰ ਹੀ ਮਿਆਰੀ ਸੇਵਾਵਾਂ ਉਪਲੱਬਧ ਹਨ। ਪੀਣ ਯੋਗ ਪਾਣੀ ਵੀ ਵੱਡੀ ਗਿਣਤੀ ਲੋਕਾਂ ਨੂੰ ਉਲੱਬਧ ਨਹੀਂ ਹੈ। ਅਮਰੀਕਾ ਅਤੇ ਜਰਮਨੀ ਦੀ ਸਾਂਝੀ ਸੰਸਥਾ ਅਨੁਸਾਰ ਵਿਸ਼ਵ ਭੁੱਖਮਰੀ ਸੂਚਕ ਸਕੇਲ ਉੱਪਰ ਭਾਰਤ ਦੁਨੀਆਂ ਦੇ 123 ਵਿੱਚੋਂ 102ਵੇਂ ਸਥਾਨ 'ਤੇ ਹੈ। ਆਰਥਿਕ ਅਸਾਵੇਂਪਨ ਅਤੇ ਦੇਸ਼ ਵਿਚ ਪੈਦਾ ਕੀਤੇ ਗਏ ਫਿਰਕੂ ਧਰੁਵੀਕਰਨ ਅਤੇ ਸਮਾਜਕ ਤਣਾਉ-ਟਕਰਾਉ ਕਾਰਨ ਭਾਰਤ ਦੀ ਵਿਕਾਸ ਗਤੀ ਬੜੀ ਧੀਮੀ ਹੈ। ਯੂ ਐੱਨ ਓ ਦੀ ਇਕ ਸੰਸਥਾ—ਯੂ ਐੱਨ ਡੀ ਪੀ ਨੇ ਸਾਰੇ ਉਪਲੱਬਧ ਅੰਕੜਿਆਂ ਦੇ ਆਧਾਰ 'ਤੇ ਦੱਸਿਆ ਹੈ ਕਿ ਭਾਰਤ ਟਿਕਾਊ ਵਿਕਾਸ ਦੇ ਮਾਮਲੇ ਵਿਚ ਦੁਨੀਆਂ ਦੇ 193 ਦੇਸ਼ਾਂ ਵਿਚੋਂ 99ਵੇਂ ਸਥਾਨ 'ਤੇ ਹੈ।

19 ਮਾਰਚ 2026 ਨੂੰ ਜਾਰੀ ਹੋਈ ਵਿਸ਼ਵ ਖੁਸ਼ੀ-ਖੁਸ਼ਹਾਲੀ ਰਿਪੋਰਟ-2026 ਅਨੁਸਾਰ ਖੁਸ਼ੀ-ਖੁਸ਼ਹਾਲੀ ਤੇ ਸੰਤੁਸ਼ਟੀ ਪੱਖੋਂ ਭਾਰਤ ਵਿਸ਼ਵ ਦੇ 147 ਦੇਸ਼ਾਂ ਵਿਚੋਂ 116ਵੇਂ ਸਥਾਨ 'ਤੇ ਹੈ। ਭਾਰਤ ਦੇ ਗੁਆਂਢੀ ਨੇਪਾਲ 99ਵੇਂ ਅਤੇ ਪਾਕਿਸਤਾਨ 104ਵੇਂ ਸਥਾਨ 'ਤੇ ਹੈ ਅਤੇ ਇਸ ਤਰ੍ਹਾਂ ਭਾਰਤ ਨਾਲੋਂ ਚੰਗੇਰੀ ਉਚੇਰੀ ਸਥਿਤੀ ਵਿਚ ਹਨ। ਬੰਗਲਾਦੇਸ਼ 127ਵੇਂ ਅਤੇ ਸ੍ਰੀਲੰਕਾ—134ਵੇਂ ਸਥਾਨ ਨਾਲ ਭਾਰਤ ਨੂੰ ਸੰਤੁਸ਼ਟੀ ਦੇ ਸਕਦੇ ਹਨ। ਸਾਡਾ ਗੁਆਂਢੀ ਦੇਸ਼ ਚੀਨ, ਜਿਸ ਨਾਲ ਅਸੀਂ ਮੁਕਾਬਲੇ 'ਚ ਹਾਂ, ਸਾਡੇ ਨਾਲੋਂ ਕਿਤੇ, ਚੰਗੀ ਅਵਸਥਾ 'ਚ ਹੈ। ਉਸ ਦਾ ਸਥਾਨ 65ਵਾਂ ਹੈ। ਯੁੱਧ ਵਿਚ ਸ਼ਾਮਲ ਚਾਰ ਦੇਸ਼—ਇਜ਼ਰਾਈਲ 8ਵੇਂ, ਅਮਰੀਕਾ 23ਵੇਂ, ਰੂਸ 79ਵੇਂ ਅਤੇ ਯੂਕਰੇਨ 111ਵੇਂ ਸਥਾਨ 'ਤੇ ਹਨ। ਅਫ਼ਗਾਨਿਸਤਾਨ ਹਰ ਸਾਲ ਦੀ ਤਰ੍ਹਾਂ ਫਾਡੀ ਹੈ। ਫਿਨਲੈਂਡ 9ਵੇਂ ਸਾਲ ਵੀ ਪਹਿਲੇ ਸਥਾਨ 'ਤੇ ਹੈ, ਭਾਵ ਸਭ ਤੋਂ ਖੁਸ਼ ਤੇ ਖੁਸ਼ਹਾਲ ਦੇਸ਼। ਇੱਥੋਂ ਦੇ ਨਾਗਰਿਕ ਵਿਸ਼ਵ ਭਰ 'ਚੋਂ ਸਭ ਤੋਂ ਖੁਸ਼ਹਾਲ ਤੇ ਸੰਤੁਸ਼ਟ ਹਨ। ਸਕੈਂਡਨੇਵੀਅਨ ਦੇਸ਼ ਮਜ਼ਬੂਤ ਭਲਾਈ ਪ੍ਰਣਾਲੀ ਅਤੇ ਸੰਸਥਾਗਤ ਭਰੋਸੇ ਸਦਕਾ ਮਜ਼ਬੂਤ ਸਮਾਜਿਕ ਰਿਸ਼ਤਿਆਂ, ਵਿਸ਼ਵਾਸ ਅਤੇ ਭਾਈਚਾਰਕ ਸਾਂਝ ਕਾਰਨ ਆਰਥਿਕ ਵਿਕਾਸ ਤੇ ਸਮਾਜਿਕ ਸਦਭਾਵਨਾ ਸਦਕਾ ਇਕ ਮਿਸਾਲ ਬਣ ਗਏ ਹਨ। ਕੋਸਟਾਰੀਕਾ ਵਰਗੇ ਦੇਸ਼ਾਂ ਦੀ ਸਫਲਤਾ ਦੂਜੇ ਦੇਸ਼ਾਂ ਲਈ ਸਬਕ ਹੈ ਕਿ ਖੁਸ਼ੀ ਕੇਵਲ ਪੈਸੇ ਨਾਲ ਨਹੀਂ, ਸਗੋਂ ਮਜ਼ਬੂਤ ਸਮਾਜਿਕ ਰਿਸ਼ਤਿਆਂ, ਵਿਸ਼ਵਾਸ ਅਤੇ ਭਾਈਚਾਰਕ ਸਾਂਝ ਨਾਲ ਮਿਲਦੀ ਹੈ। ਭਾਰਤ ਅਜਿਹੇ ਖੇਤਰਾਂ ਵਿਚ ਬਹੁਤ ਪਿੱਛੇ ਹੈ। ਸਾਡੇ ਦੇਸ਼ ਵਿਚ ਲੋਕਾਂ ਦਾ ਸੰਸਥਾਵਾਂ ਦੀ ਭਰੋਸੇਯੋਗਤਾ ਵਿਚ ਵਿਸ਼ਵਾਸ ਬਹੁਤ ਜ਼ਿਆਦਾ ਖੀਣ ਹੋ ਚੁੱਕਾ ਹੈ। 2014 ਤੋਂ ਬਾਅਦ ਕੇਂਦਰ ਤੇ ਬਹੁਤੀਆਂ ਰਾਜ ਸਰਕਾਰਾਂ ਲੋਕਾਂ ਦੀ ਆਪਸੀ ਭਾਈਚਾਰਕ ਸਾਂਝ ਨੂੰ ਧਰਮਾਂ, ਜਾਤਾਂ ਤੇ ਭਾਸ਼ਾ ਦੇ ਆਧਾਰ 'ਤੇ ਤੋੜ ਰਹੀਆਂ ਹਨ।

ਵਿਸ਼ਵ ਪੱਧਰ 'ਤੇ ਭਾਰਤ ਦੀ ਸਾਖ਼ ਸਿਰਫ਼ ਆਰਥਿਕ ਮਾਮਲਿਆਂ 'ਚ ਹੀ ਨਹੀਂ ਡਿੱਗ ਰਹੀ, ਸਗੋਂ ਲੋਕਤੰਤਰ, ਵਿਅਕਤੀ ਦੀ ਆਜ਼ਾਦੀ, ਮਨੁੱਖੀ ਅਧਿਕਾਰ ਅਤੇ ਮੀਡੀਆ ਦੀ ਨਿਰਪੱਖਤਾ-ਸੁਤੰਤਰਤਾ ਵਿਚ ਵੀ ਵਿਸ਼ਵ ਪੱਧਰੀ ਦਰਜੇਬੰਦੀ 2014 ਤੋਂ ਪਹਿਲਾਂ ਨਾਲੋਂ ਕਾਫ਼ੀ ਹੇਠਾਂ ਆ ਗਈ ਹੈ। ਭਾਰਤ ਸਰਕਾਰ ਆਪਣੇ ਵਿਰੁੱਧ ਭੁਗਤਦੀਆਂ ਰਿਪੋਰਟਾਂ ਨੂੰ ਤੁਰੰਤ ਰੱਦ ਕਰ ਦਿੰਦੀ ਹੈ, ਜਦੋਂਕਿ ਇਹ ਰੇਟਿੰਗ ਕਿਸੇ ਪੱਖਪਾਤੀ ਸਰਵੇ 'ਤੇ ਆਧਾਰਤ ਨਹੀਂ, ਸਗੋਂ ਤੱਥਾਂ ਤੇ ਹਕੀਕਤਾਂ 'ਤੇ ਆਧਾਰਤ ਹੁੰਦੀਆਂ ਹਨ।

# ਸੰਪਰਕ : 98768-01268

# ਅਖ਼ੀਰ ਕੁਦਰਤ ਵੱਲ ਹੀ ਪਰਤੇਗਾ ਅਜੋਕਾ ਮਨੁੱਖ

**ਪ੍ਰੋ.ਪਰਮਜੀਤ ਸਿੰਘ**

ਇਹ ਇਕ ਹਕੀਕਤ ਹੈ ਕਿ ਮਨੁੱਖ ਕੁਦਰਤ ਦੀ ਸੰਤਾਨ ਹੈ ਤੇ ਕੁਦਰਤ ਵਿਚ ਇਸ ਦੇ ਵਿਕਾਸ, ਸਿਹਤਮੰਦੀ ਅਤੇ ਖ਼ੁਸ਼ਹਾਲੀ ਦੇ ਸਾਰੇ ਤੱਤ ਮੌਜੂਦ ਹਨ। ਮਨੁੱਖ ਜਦੋਂ ਕੁਦਰਤ ਦੇ ਨੇੜੇ ਰਹਿੰਦਾ ਸੀ ਤੇ ਕੁਦਰਤ ਦੀ ਰਾਖੀ ਕਰਦਾ ਸੀ, ਉਦੋਂ ਕੁਦਰਤ ਵੀ ਇਸ ਦੀ ਰਾਖੀ ਕਰਦੀ ਸੀ ਤੇ ਇਸ ਦਾ ਪੂਰਾ-ਪੂਰਾ ਖ਼ਿਆਲ ਰੱਖਦੀ ਸੀ। ਫਿਰ ਮਸ਼ੀਨੀਕਰਨ ਦੇ ਆਉਣ ਨਾਲ ਮਨੁੱਖ ਨੂੰ ਇਹ ਲੱਗਣ ਲੱਗ ਪਿਆ ਕਿ ਉਸ ਦੀ ਤਰੱਕੀ ਪਦਾਰਥਕ ਸੁੱਖਾਂ ਵਿਚ ਲੁਕੀ ਹੋਈ ਤੇ ਉਹ ਪਦਾਰਥਕ ਸੁੱਖਾਂ ਦੀ ਪ੍ਰਾਪਤੀ ਖ਼ਾਤਿਰ ਸੰਘਰਸ਼ ਕਰਨ ਲੱਗ ਪਿਆ।

ਉਸ ਨੇ ਵਿੱਦਿਆ ਦਾ ਭਰਵਾਂ ਪ੍ਰਸਾਰ ਤੇ ਪ੍ਰਚਾਰ ਕੀਤਾ ਤੇ ਗਿਆਨ ਦੇ ਦੀਵੇ ਬਾਲ ਕੇ ਆਪਣੇ ਜੀਵਨ ਵਿਚ ਚਾਨਣ ਭਰਨ ਦੀ ਕੋਸ਼ਿਸ਼ ਕੀਤੀ, ਪਰ ਪਦਾਰਥਕ ਸੁੱਖਾਂ ਦੀ ਦੌੜ ਵਿਚ ਉਹ ਬੇਤਹਾਸ਼ਾ ਭੱਜ-ਨੱਸ ਕਰਨ ਲੱਗ ਪਿਆ ਤੇ ਫਿਰ ਉਸ ਨੂੰ ਲੱਗਣ ਲੱਗ ਪਿਆ ਕਿ ਉਹ ਥੱਕਣ ਲੱਗ ਪਿਆ। ਉਸ ਨੇ ਸਰੀਰਕ ਤੇ ਮਾਨਸਿਕ ਥਕਾਵਟ ਉਤਾਰਨ ਲਈ ਆਰਾਮਦਾਇਕ ਸਹੂਲਤਾਂ ਦਾ ਨਿਰਮਾਣ ਸ਼ੁਰੂ ਕਰ ਦਿੱਤਾ ਤੇ ਉਨ੍ਹਾਂ ਸਹੂਲਤਾਂ ਲਈ ਸਾਧਨ ਜੁਟਾਉਣ ਹਿਤ ਮੁੜ ਤੋਂ ਸੰਘਰਸ਼ਸ਼ੀਲ ਹੋ ਗਿਆ। ਇਸ ਸਾਰੀ ਦੌੜ-ਭੱਜ ਵਿਚ ਉਹ ਭੁੱਲ ਹੀ ਗਿਆ ਕਿ ਕੁਦਰਤ ਤਾਂ ਉਸ ਦੀ ਮਾਂ ਸੀ ਤੇ ਮਾਂ ਦੀ ਗੋਦ ਤੋਂ ਵੱਧ ਨਿੱਘ, ਆਰਾਮ, ਚੈਨ ਅਤੇ ਸੁੱਖ ਭਲਾ ਉਸ ਨੂੰ ਹੋਰ ਕੌਣ ਦੇ ਸਕਦਾ ਸੀ? ਉਸ ਦਾ ਦੁਖਾਂਤ ਇਹ ਸੀ ਕਿ ਮਾਇਕ ਅਤੇ ਪਦਾਰਥਕ ਸੁੱਖਾਂ ਦੀ ਪ੍ਰਾਪਤੀ ਦੀ ਹੋੜ ਵਿਚ ਬੇ-ਹੋਸ਼ ਭੱਜਦਿਆਂ-ਭੱਜਦਿਆਂ ਉਹ ਕੁਦਰਤ ਤੋਂ ਬਹੁਤ ਦੂਰ ਹੋ ਗਿਆ ਸੀ ਤੇ ਕੁਦਰਤ ਮਾਂ ਦਾ ਘਾਣ ਕਰਕੇ ਉਹ ਉਸ ਦਾ ਗੁਨਾਹਗਾਰ ਵੀ ਹੋ ਨਿੱਬੜਿਆ ਸੀ। ਹੁਣ ਸੁਖੀ ਤੇ ਖ਼ੁਸ਼ਹਾਲ ਜੀਵਨ ਦੇ ਤਿੰਨ ਪ੍ਰਮੁੱਖ ਆਧਾਰ ਸਤੰਭ ਆਖੇ ਜਾਂਦੇ 'ਸ਼ੁੱਧ ਹਵਾ, ਉਪਜਾਊ ਮਿੱਟੀ ਤੇ ਨਿਰਮਲ ਜਲ' ਆਦਿ ਨੂੰ ਹੱਥੀਂ ਬਰਬਾਦ ਕਰਨ ਪਿੱਛੋਂ ਬਿਮਾਰੀ ਤੇ ਨਿਰਾਸ਼ਤਾ ਭਰਪੂਰ ਜੀਵਨ ਜੀਣ ਵਾਲਾ ਅਜੋਕਾ ਮਨੁੱਖ ਹੁਣ ਮੁੜ ਕੁਦਰਤ ਵੱਲ ਵਾਪਸ ਪਰਤਣਾ ਲੋਚ ਰਿਹਾ ਹੈ, ਪਰ ਹੁਣ ਸ਼ਾਇਦ ਬਹੁਤ ਦੇਰ ਹੋ ਚੁੱਕੀ ਹੈ ਤੇ ਵਰਤਮਾਨ ਮਨੁੱਖਾਂ ਵੱਲੋਂ ਕੁਦਰਤ ਅੰਮੀ ਨਾਲ ਕਮਾਏ ਧ੍ਰੋਹ ਦਾ ਸਿਲਾ ਹੁਣ ਇਸ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਭੁਗਤਣਾ ਹੀ ਪਏਗਾ।

ਅਜੋਕੇ ਮਨੁੱਖ ਨੂੰ ਚਾਹੀਦਾ ਹੈ ਕਿ ਉਹ ਆਪਣੇ ਗਿਰੇਬਾਨ ਵਿਚ ਝਾਤੀ ਮਾਰ ਕੇ ਵੇਖੇ ਕਿ ਕੀ ਇਸ ਦੇ ਵੱਡ-ਵਡੇਰੇ ਉਸ ਨੂੰ ਰੁੱਖਾਂ ਵਾਲੇ ਜੰਗਲ ਦੀ ਥਾਂ ਕੰਕਰੀਟ ਦਾ ਜੰਗਲ ਦੇ ਕੇ ਗਏ ਸਨ? ਕੀ ਇਸ ਦੇ ਪੁਰਖੇ ਸ਼ੁੱਧ ਤੇ ਸ਼ੀਤਲ ਜਲ ਨਾਲ ਭਰਪੂਰ ਨਦੀਆਂ, ਨਾਲਿਆਂ ਦੀ ਥਾਂ ਇਸ ਨੂੰ ਗੰਦਗੀ ਅਤੇ ਰਸਾਇਣ ਭਰੇ ਗੰਦੇ ਨਾਲੇ ਤੇ ਨਦੀਆਂ ਦੇ ਕੇ ਗਏ ਸਨ? ਕੀ ਇਸ ਦੇ ਅਧਿਆਤਮਕ ਰਹਿਬਰਾਂ ਨੇ ਇਸ ਨੂੰ ਪੁਕਾਰ-ਪੁਕਾਰ ਕੇ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤੁ ਮਹਤੁ॥' ਦਾ ਪਾਠ ਨਹੀਂ ਪੜ੍ਹਾਇਆ ਸੀ? ਕੀ ਇਸ ਦੀਆਂ ਪਿਛਲੀਆਂ ਪੀੜ੍ਹੀਆਂ ਨੇ ਇਸ ਨੂੰ ਰੁੱਖਾਂ 'ਤੇ, ਪਸ਼ੂਆਂ 'ਤੇ ਅਤੇ ਪੰਛੀਆਂ 'ਤੇ ਦਇਆ ਕਰਨ ਦੀ ਮੱਤ ਨਹੀਂ ਦਿੱਤੀ ਸੀ? ਜੇਕਰ ਉਕਤ ਸਭ ਕੁਝ ਜਾਣਦਿਆਂ-ਬੁਝਦਿਆਂ ਹੋਇਆਂ ਵੀ ਅਜੋਕੇ ਮਨੁੱਖ ਨੇ ਉਕਤ ਸਾਰੇ ਪਾਪ ਖੱਟੇ ਹਨ ਤਾਂ ਫਿਰ ਇਸ ਦੇ ਕੀਤੇ ਪਾਪਾਂ ਦੀ, ਇਸ ਦੇ ਕੁਕਰਮਾਂ ਦੀ ਸਜ਼ਾ ਤਾਂ ਇਸ ਨੂੰ ਮਿਲਣੀ ਬਣਦੀ ਸੀ ਤੇ ਹੁਣ ਕਦੇ ਕਹਿਰ ਮਚਾਉਂਦੀ ਗਰਮੀ ਤੇ ਕਦੇ ਹੱਡੀਆਂ ਨੂੰ ਕੜਕਾਉਂਦੀ ਸਰਦੀ ਤੇ ਕਦੇ ਬੇਮੌਸਮੇ ਤੇ ਬੇਤਹਾਸ਼ੇ ਹੜ੍ਹ ਇਸ ਨੂੰ ਸਜ਼ਾ ਦੇ ਰੂਪ ਵਿਚ ਮਿਲ ਰਹੇ ਹਨ ਤੇ ਹੁਣ ਡਾਡਾਂ ਮਾਰਦਾ ਮਨੁੱਖ 'ਰੁੱਖ ਲਗਾਓ','ਜਲ ਬਚਾਓ' ਤੇ 'ਪ੍ਰਦੂਸ਼ਣ ਘਟਾਓ' ਦਾ ਹੋਕਾ ਦਿੰਦਾ ਫਿਰ ਰਿਹਾ ਹੈ।

ਜਦੋਂ ਵੇਲਾ ਕੁਦਰਤ ਨੂੰ ਸੰਭਾਲਣ ਦਾ ਸੀ, ਉਦੋਂ ਇਹ ਅਵੇਸਲਾ,ਲਾਪ੍ਰਵਾਹ, ਸਵਾਰਥੀ ਤੇ ਲਾਲਚੀ ਬਣ ਗਿਆ ਤੇ ਹੁਣ ਇਹ 'ਆਰਗੈਨਿਕ ਖੇਤੀ ਕਰਨ, ਝੋਨੇ ਦੀ ਕਾਸ਼ਤ ਬੰਦ ਕਰਨ, ਰਸਾਇਣਕ ਖਾਦਾਂ ਅਤੇ ਕੀੜੇਮਾਰ ਦਵਾਈਆਂ ਦੀ ਵਰਤੋਂ ਘੱਟ ਕਰਨ, ਘੜੇ ਦਾ ਪਾਣੀ ਪੀਣ, ਰੋਜ਼ਾਨਾ ਸੈਰ, ਕਸਰਤ ਜਾਂ ਯੋਗਾ ਕਰਨ , ਮੋਟੇ ਅਨਾਜ ਖਾਣ, ਤਲੀਆਂ ਤੇ ਮਸਾਲਾ ਭਰਪੂਰ ਚੀਜ਼ਾਂ ਖਾਣ ਤੋਂ ਪਰਹੇਜ਼ ਕਰਨ' ਦੀਆਂ ਗੱਲਾਂ ਕਰਦਾ ਫਿਰ ਰਿਹਾ ਹੈ। 'ਪੱਥਰ ਚੱਟ ਕੇ ਮੁੜੀ ਮੱਛੀ' ਵਾਂਗ ਇਸ ਨੂੰ ਹੁਣ ਸਮਝ ਆ ਗਈ ਹੈ ਕਿ ਕਈ ਵਰ੍ਹੇ ਪਹਿਲਾਂ ਉਸ ਦੇ ਸਿਆਣੇ ਬਜ਼ੁਰਗਾਂ ਵੱਲੋਂ ਦਿੱਤਾ 'ਬੈਕ ਟੂ ਨੇਚਰ' ਭਾਵ 'ਕੁਦਰਤ ਵੱਲ ਨੂੰ ਪਰਤੋ' ਹੀ ਅਸਲ ਤੇ ਸਫ਼ਲ ਜੀਵਨ ਦਾ ਸਾਰ ਹੈ। 'ਬਲਿਹਾਰੀ ਕੁਦਰਤਿ ਵਸਿਆ' ਦਾ ਸੰਕਲਪ ਉਸ ਨੂੰ ਹੁਣ ਥੋੜ੍ਹਾ-ਥੋੜ੍ਹਾ ਸਮਝ ਲੱਗਣ ਲੱਗ ਗਿਆ ਹੈ। 'ਜੇਕਰ ਨਹੀਂ ਇਹ ਰੁੱਖ ਰਹਿਣਗੇ, ਦੱਸੋ ਕਿੰਜ ਮਨੁੱਖ ਰਹਿਣਗੇ?' ਜਿਹੇ ਸਵਾਲ ਉਸ ਦੀ ਅੰਤਰ ਆਤਮਾ ਨੂੰ ਝੰਜੋੜਨ ਲੱਗ ਪਏ ਹਨ। ਅਜੋਕਾ ਮਨੁੱਖ ਹੁਣ ਜ਼ਿੰਦਗੀ ਦੀ ਭੱਜ-ਨੱਸ ਨੂੰ ਤਿਆਗ ਕੇ ਕਿਸੇ ਸ਼ਾਂਤ ਅਤੇ ਨਿਰਮਲ ਵਾਤਾਵਰਣ ਵਿਚ ਬੈਠਣਾ ਲੋਚਦਾ ਹੈ। ਉਸ ਨੂੰ ਸੋਝੀ ਆ ਗਈ ਹੈ ਕਿ ਕੁਦਰਤ ਤੋਂ ਵਿੱਛੜ ਕੇ ਉਸ ਨੇ ਦੁੱਖ ਹੀ ਸਹੇੜੇ ਹਨ ਤੇ ਸੁੱਖ ਲੈਣ ਲਈ ਉਸ ਨੂੰ ਹੁਣ ਮੁੜ ਤੋਂ ਕੁਦਰਤ ਦੀ ਹੀ ਸ਼ਰਨ ਵਿਚ ਜਾਣਾ ਪਵੇਗਾ। ਇਸ ਲਈ ਚਿਰੋਕਣੇ ਚਿਰ ਪਿੱਛੋਂ 'ਜਾਗਿਆ' ਮਨੁੱਖ ਹੁਣ ਕੁਦਰਤ ਅਤੇ ਕੁਦਰਤ ਵਿਚ ਵੱਸੇ ਕਾਦਰ ਦੇ ਨੇੜੇ ਹੋਣ ਦੀ ਚਾਹਤ ਰੱਖਦਾ ਹੈ।

ਕੁਦਰਤ ਨੂੰ ਬਚਾਉਣ ਤੇ ਕੁਦਰਤ ਨੂੰ ਸਾਂਭਣ ਦੀ ਗੱਲ ਹੁਣ ਤੁਰ ਪਈ ਹੈ ਤੇ ਆਸ ਹੈ ਕਿ 'ਡੈਮੇਜ ਕੰਟ੍ਰੋਲ' ਦੀ ਇਹ ਕਵਾਇਦ ਸ਼ਾਇਦ ਕੁਝ ਰੰਗ ਲਿਆਏਗੀ। ਹੁਣ ਸਚਮੁੱਚ ਹੀ ਵੇਲਾ ਆ ਗਿਆ ਹੈ ਕਿ ਹਵਾ,ਪਾਣੀ ਤੇ ਮਿੱਟੀ ਦਾ ਪ੍ਰਦੂਸ਼ਣ ਖ਼ਤਮ ਕਰਨ ਲਈ ਇਕ ਵੱਡੀ ਤੇ ਜ਼ਬਰਦਸਤ ਲਹਿਰ ਸਾਡੇ ਮੁਲਕ ਤੇ ਸਾਡੇ ਚੁਗਿਰਦੇ 'ਚ ਉੱਠੇ ਤੇ ਆਪਣੇ ਅਸਲ ਮਾਰਗ ਤੋਂ ਭਟਕ ਕੇ ਕੁਦਰਤ ਤੋਂ ਦੂਰ ਚਲਾ ਗਿਆ ਮਨੁੱਖ ਇਕ ਵਾਰ ਮੁੜ ਤੋਂ ਕੁਦਰਤ ਦੇ ਚਰਨੀਂ ਲੱਗ ਕੇ ਆਪਣਾ ਪਾਰ ਉਤਾਰਾ ਕਰ ਲਏ।

# ਸੰਪਰਕ : 97816-46008

# ਅਧਿਆਪਕ ਤੇ ਮੁਲਾਜ਼ਮ ਖਾਲੀ ਅਸਾਮੀਆਂ ਭਰੀਆਂ ਜਾਣ ਤੇ ਨਵੀਂਆਂ ਰਚੀਆਂ ਜਾਣ

**ਚਰਨ ਸਿੰਘ ਸਰਾਭਾ**

ਪਿਛਲੇ ਦਿਨੀਂ ਕੇਂਦਰ ਸਰਕਾਰ ਵੱਲੋਂ ਲੋਕ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾਇਆ ਗਿਆ ਸੀ, ਜਿਸ ਵਿੱਚ ਲੋਕ ਸਭਾ ਮੈਂਬਰਾਂ ਦੀ ਗਿਣਤੀ ਵਧਾਉਣ ਅਤੇ ਇਸ ਵਾਧੇ ਉਪਰੰਤ ਕੁਲ ਮੈਂਬਰਾਂ ਵਿੱਚੋਂ ਮਹਿਲਾ ਰਾਖਵਾਂਕਰਨ ਲਈ 33% ਇਸਤਰੀ ਮੈਂਬਰਾਂ ਲਈ ਰਾਖਵਾਂਕਰਨ ਦੇ ਪ੍ਰਸਤਾਵ ਦਾ ਏਜੰਡਾ ਵੀ ਰੱਖਿਆ ਗਿਆ ਸੀ। 17 ਅਪ੍ਰੈਲ ਨੂੰ ਇਸਤਰੀ ਮੈਂਬਰਾਂ ਲਈ 33% ਕੋਟਾ ਰਾਖਵਾਂਕਰਨ ਸੰਬੰਧੀ ਤਜਵੀਜ਼ਤ ਕੀਤਾ ਗਿਆ ਬਿੱਲ ਲੋਕ ਸਭਾ ਵਿੱਚ ਪਾਸ ਨਾ ਹੋ ਸਕਿਆ। ਉਪਰੰਤ ਦੇਸ਼ ਭਰ ਵਿੱਚ ਇਸ ਸੰਬੰਧੀ ਜਨਤਕ ਵਿਚਾਰ-ਵਟਾਂਦਰਾ ਆਰੰਭ ਹੋਣ ਤੋਂ ਬਿਨਾਂ ਸਰਕਾਰੀ ਅਤੇ ਵਿਰੋਧੀ ਧਿਰਾਂ ਵਿੱਚ ਤਿੱਖੀ ਦੂਸ਼ਣਬਾਜ਼ੀ ਵੀ ਆਰੰਭ ਹੋਈ, ਜੋ ਅਜੇ ਤੱਕ ਜਾਰੀ ਹੈ ਅਤੇ ਸੰਭਾਵਨਾ ਹੈ ਕਿ ਇਹ ਲੰਮੇ ਸਮੇਂ ਤੱਕ ਜਾਰੀ ਰਹੇਗੀ।

ਇਸ ਸੰਖੇਪ ਲੇਖ ਰਾਹੀਂ ਸਿੱਧੇ ਤੌਰ 'ਤੇ ਇਸ ਵਿਵਾਦ ਤੋਂ ਪਰੇ ਹਟਦਿਆਂ ਇਥੇ ਇਕ ਤਰ੍ਹਾਂ ਪੱਖ ਰੱਖਿਆ ਜਾਂਦਾ ਹੈ ਕਿ ਜਿਵੇਂ ਕੇਂਦਰ ਸਰਕਾਰ ਵੱਲੋਂ ਭਾਰਤੀ ਦੀ ਆਬਾਦੀ ਦੇ ਅਨੁਪਾਤ ਵਿੱਚ 2011 ਵਾਲੀ ਮਰਦਮਸ਼ੁਮਾਰੀ ਨੂੰ ਅਧਾਰ ਮੰਨ ਕੇ ਲੋਕ ਸਭਾ ਮੈਂਬਰਾਂ ਦੀ ਗਿਣਤੀ ਵਧਾਉਣ ਦੀ ਤਜਵੀਜ਼ ਲਿਆਂਦੀ ਜਾ ਰਹੀ ਹੈ, ਲੋੜ ਹੈ ਇਸੇ ਤਰ੍ਹਾਂ ਕੇਂਦਰ ਅਤੇ ਸੂਬਾਈ ਸਰਕਾਰੀ ਵਿਭਾਗਾਂ ਅਤੇ ਜਨਤਕ ਅਦਾਰਿਆਂ ਵਿੱਚ ਵੀ ਸਰਕਾਰੀ ਮੁਲਾਜ਼ਮਾਂ ਦੀ ਗਿਣਤੀ ਵੀ ਆਬਾਦੀ ਦੇ ਅਨੁਪਾਤ ਵਿੱਚ ਵਧਾਈ ਜਾਵੇ। ਇਸ ਸੰਬੰਧੀ ਕੇਂਦਰ ਸਰਕਾਰ ਵੱਲੋਂ ਕੇਂਦਰੀ ਸਰਕਾਰੀ ਮੁਲਾਜ਼ਮਾਂ ਦੀਆਂ ਉਜਰਤਾਂ ਅਤੇ ਪੈਨਸ਼ਨਾਂ ਸੰਬੰਧੀ ਬਣਾਏ ਗਏ ਕੇਂਦਰੀ ਸੱਤਵੇਂ ਪੇ ਕਮਿਸ਼ਨ ਦੀ ਰਿਪੋਰਟ ਸੰਬੰਧੀ 1.1.2015 ਦੇ 'ਦਾ ਹਿੰਦੂ' ਅਖਬਾਰ ਵਿੱਚ ਛਪੇ ਇਕ ਲੇਖ ਵਿੱਚ ਇਸ ਦਾ ਹਵਾਲਾ ਦਿੱਤਾ ਗਿਆ ਸੀ, ਜਿਸ ਵਿੱਚ ਦੱਸਿਆ ਗਿਆ ਸੀ ਕਿ ਕੇਂਦਰ ਵਿੱਚ ਸਰਕਾਰੀ ਮੁਲਾਜ਼ਮਾਂ ਦੀਆਂ 18% ਮਨਜ਼ੂਰਸ਼ੁਦਾ ਆਸਾਮੀਆਂ ਖਾਲੀ ਪਈਆਂ ਹਨ। ਇਸ ਤੋਂ ਬਿਨਾਂ ਹੋਰ ਵੱਖ-ਵੱਖ ਸਮਿਆਂ ਤੋਂ ਛਪਦੀਆਂ ਖ਼ਬਰਾਂ ਵਿੱਚ ਕਈ ਸਾਲਾਂ ਤੋਂ ਇਹ ਗੱਲ ਆਉਂਦੀ ਰਹੀ ਕਿ ਭਾਰਤ ਭਰ ਦੇ ਐਲੀਮੈਂਟਰੀ ਸਕੂਲਾਂ ਵਿੱਚ ਦਸ ਲੱਖ ਅਧਿਆਪਕ ਦੀ ਘਾਟ ਹੈ। ਇਹ ਵੀ ਖ਼ਬਰਾਂ ਸਨ ਕਿ ਭਾਰਤ ਵਿੱਚ ਇੱਕ ਲੱਖ ਸਕੂਲਾਂ ਵਿੱਚ ਕੇਵਲ ਇੱਕ ਅਧਿਆਪਕ ਹੀ ਹੈ। ਦੇਸ਼ ਭਰ ਦੇ ਅਜਿਹੇ ਸਕੂਲਾਂ ਵਿੱਚ ਪੰਜ ਲੱਖ ਤੋਂ ਵਧੇਰੇ ਅਧਿਆਪਕ ਠੇਕੇ 'ਤੇ ਕੰਮ ਕਰਦੇ ਅਧਿਆਪਕ ਹਨ। ਸੰਸਾਰ ਬੈਂਕ ਦੀ 1990 ਦੀ ਰਿਪੋਰਟ ਦਾ ਜ਼ਿਕਰ ਕਰਦਿਆਂ ਦੱਸਿਆ ਗਿਆ ਸੀ ਕਿ ਭਾਰਤ ਵਿੱਚ ਵਸੋਂ ਦੇ ਅਨੁਪਾਤ ਵਿੱਚ ਔਸਤਨ ਸਰਕਾਰੀ ਮੁਲਾਜ਼ਮਾਂ ਦੀ ਗਿਣਤੀ ਬਹੁਤ ਘੱਟ ਹੈ। ਉਦਾਹਰਣ ਵਿੱਚ ਦੱਸਿਆ ਗਿਆ ਸੀ ਕਿ ਅਮਰੀਕਾ ਵਿੱਚ ਕੇਂਦਰੀ ਸਰਕਾਰੀ ਮੁਲਾਜ਼ਮਾਂ ਦੀ ਗਿਣਤੀ ਇੱਕ ਲੱਖ ਵਸੋਂ ਪਿਛੇ 668 ਹੈ, ਜਦੋਂ ਕਿ ਭਾਰਤ ਵਿੱਚ ਇਹ 139 ਹੈ। ਭਾਰਤ ਵਿੱਚ ਸਰਕਾਰੀ ਮੁਲਾਜ਼ਮਾਂ ਦੀ ਗਿਣਤੀ ਆਬਾਦੀ ਦਾ 1.5% ਤੋਂ ਘੱਟ ਹੈ, ਜਦੋਂ ਕਿ ਮਲੇਸ਼ੀਆ ਅਤੇ ਸ੍ਰੀਲੰਕਾ ਵਿੱਚ ਇਹ 4.5% ਸੀ। ਅਮਰੀਕਾ ਅਤੇ ਯੂਰਪੀਨ ਦੇਸ਼ਾਂ ਵਿੱਚ 6% ਤੋਂ 8% ਤੱਕ ਹੈ। ਸਕੈਂਡੇਨੇਵੀਅਨ ਦੇਸ਼ਾਂ ਵਿੱਚ ਅਬਾਦੀ ਦਾ 15% ਤੱਕ ਸਰਕਾਰੀ ਮੁਲਾਜ਼ਮ ਹਨ। ਜੇਕਰ ਭਾਰਤ ਵਿੱਚ ਸਰਕਾਰੀ ਮੁਲਾਜ਼ਮ ਦੀ ਗਿਣਤੀ ਘੱਟ ਹੈ ਅਤੇ 18% ਆਸਾਮੀਆਂ ਖਾਲੀ ਹਨ ਤਾਂ ਸੁਭਾਵਕ ਤੌਰ 'ਤੇ ਹੀ ਇਹ ਧਿਆਨ ਮੰਗਦੀ ਗੱਲ ਬਣਦੀ ਹੈ।

ਹੁਣ 1990-91 ਤੋਂ ਪਿੱਛੋਂ ਤਾਂ ਭਾਰਤ ਤੇ ਵੱਖ-ਵੱਖ ਸੂਬਿਆਂ ਵਿੱਚ ਵੀ ਵੱਖ-ਵੱਖ ਵਰਗਾਂ ਦੇ ਰੈਗੂਲਰ ਮੁਲਾਜ਼ਮਾਂ ਦੀ ਗਿਣਤੀ ਲਗਾਤਾਰ ਘਟ ਰਹੀ ਹੈ। ਪੰਜਾਬ ਵਿੱਚ ਸਾਲ 2003-04 ਤੱਕ ਪੰਜਾਬ ਦੇ ਸਰਕਾਰੀ ਮੁਲਾਜ਼ਮਾਂ ਅਤੇ ਜਨਤਕ ਅਦਾਰਿਆਂ ਦੀ ਗਿਣਤੀ ਲੱਗਭੱਗ ਸੱਤ ਲੱਖ ਸੀ, ਜੋ ਹੁਣ ਘਟ ਕੇ ਤਿੰਨ ਲੱਖ ਦੇ ਨੇੜੇ-ਤੇੜੇ ਹੀ ਰਹਿ ਗਈ ਹੈ, ਜਿਸ ਵਿੱਚੋਂ ਵੀ ਕਾਫ਼ੀ ਗਿਣਤੀ ਠੇਕੇ 'ਤੇ ਕੰਮ ਕਰਦੇ ਮੁਲਾਜ਼ਮ ਹਨ। ਦੇਸ਼ ਦੇ ਵੱਖ-ਵੱਖ ਸੂਬਿਆਂ ਦੇ ਸਰਕਾਰੀ ਵਿਭਾਗਾਂ ਵਿੱਚ ਕਈ ਵਰਗਾਂ ਦੀਆਂ ਖਾਲੀ ਪਈਆਂ ਆਸਾਮੀਆਂ ਖ਼ਤਮ ਹੀ ਕਰ ਦਿੱਤੀਆਂ ਹਨ।

1990ਵਿਆਂ ਦੇ ਸਾਲਾਂ ਦੀਆਂ ਖ਼ਬਰਾਂ ਅਨੁਸਾਰ ਮੱਧ ਪ੍ਰਦੇਸ਼ ਵਿੱਚ ਰੈਗੂਲਰ ਸਰਕਾਰੀ ਅਧਿਆਪਕਾਂ ਦੀਆਂ ਨਿਯੁਕਤੀਆਂ 'ਤੇ ਪੂਰਨ ਪਾਬੰਦੀ ਲਾ ਦੇਣ ਦੀਆਂ ਖ਼ਬਰਾਂ ਛਪੀਆਂ। ਮੱਧ ਪ੍ਰਦੇਸ਼ ਵਿੱਚ ਰੈਗੂਲਰ ਸਰਕਾਰੀ ਅਧਿਆਪਕ ਵਰਗ ਨੂੰ ਤਾਂ ਖ਼ਤਮ ਹੋ ਰਿਹਾ ਵਰਗ ਹੀ ਕਿਹਾ ਜਾਣ ਲੱਗਿਆ ਸੀ। ਇਸ ਤੋਂ ਹੋਰ ਅੱਗੇ ਹੁਣ ਤਾਂ ਦੇਸ਼ ਭਰ ਵਿੱਚ ਹਜ਼ਾਰਾਂ ਸਰਕਾਰੀ ਸਕੂਲ ਬੰਦ ਹੋਣ ਦੀਆਂ ਖ਼ਬਰਾਂ ਵੀ ਹਨ, ਜਿਸ ਕਾਰਨ ਸਿੱਖਿਅਤ ਬੇਰੁਜ਼ਗਾਰ ਅਧਿਆਪਕਾਂ ਦੇ ਸਰਕਾਰੀ ਸੇਵਾਵਾਂ ਪ੍ਰਾਪਤੀ ਦੇ ਅਵਸਰ ਹੋਰ ਸੀਮਤ ਹੋ ਜਾਣਗੇ। ਇਸੇ ਸਾਲ ਮਾਰਚ-ਅਪ੍ਰੈਲ ਦੌਰਾਨ ਪ੍ਰਾਇਮਰੀ ਖੇਤਰ ਵਿੱਚ ਅਧਿਆਪਕਾਂ ਦੀਆਂ 4.18 ਲੱਖ ਆਸਾਮੀਆਂ ਵਿੱਚੋਂ 85000 ਖਾਲੀ ਹਨ ਅਤੇ ਡੇਢ ਲੱਖ ਸਿੱਖਿਆ ਮਿੱਤਰ ਹਨ, ਜੋ ਰੈਗੂਲਰ ਪੱਧਰ ਵਾਲੇ ਅਧਿਆਪਕ ਨਹੀਂ ਹਨ। 12580 ਸਕੂਲਾਂ ਵਿੱਚ ਕੇਵਲ ਇੱਕ ਅਧਿਆਪਕ ਹੈ। 27000 ਸਕੂਲ ਇੱਕ ਜਾਂ ਦੂਜੇ ਸਕੂਲਾਂ ਵਿੱਚ ਮਰਜ ਕੀਤੇ ਜਾ ਚੁੱਕੇ ਹਨ। ਪਿਛਲੇ ਸਮੇਂ ਵਿੱਚ ਅਜਿਹੀਆਂ ਰਿਪੋਰਟਾਂ ਹੋਰ ਸੂਬਿਆਂ ਤੋਂ ਵੀ ਆਉਂਦੀਆਂ ਰਹੀਆਂ ਹਨ।

ਇਥੇ ਇਹ ਵੀ ਸਾਂਝਾ ਕੀਤਾ ਜਾਂਦਾ ਹੈ ਕਿ ਜਦੋਂ ਕੇਂਦਰ ਜਾਂ ਸੂਬਾਈ ਸਰਕਾਰਾਂ ਦੇ ਪ੍ਰਬੰਧਕੀ ਦਫਤਰਾਂ ਵਿੱਚ ਵੀ ਸੰਬੰਧਤ ਮੁਲਾਜ਼ਮਾਂ ਦੀ ਗਿਣਤੀ ਘੱਟ ਹੋਵੇਗੀ ਤਾਂ ਜਨ ਸਮੂਹਾਂ ਦੇ ਰੋਜ਼ਾਨਾ ਕੰਮ ਸਮੇਂ ਸਿਰ ਨਹੀਂ ਹੋ ਸਕਣਗੇ। ਵੱਖ-ਵੱਖ ਵਿਭਾਗਾਂ ਵਿੱਚ ਸਰਕਾਰ ਦੇ ਵੱਖ-ਵੱਖ ਵਰਗਾਂ ਦੇ ਮੁਲਾਜ਼ਮਾਂ ਦੀ ਗਿਣਤੀ ਇਸ ਗੱਲ ਦਾ ਵੀ ਪ੍ਰਦਰਸ਼ਨ ਹੋਵੇਗਾ ਕਿ ਸੰਬੰਧਤ ਸਰਕਾਰਾਂ ਜਨ ਸਮੂਹਾਂ ਦੇ ਵੱਖ-ਵੱਖ ਖੇਤਰਾਂ ਵਿੱਚ ਹੋਣ ਵਾਲੇ ਕੰਮਾਂ ਵੱਲ ਕਿੰਨਾ ਧਿਆਨ ਕਰਦੀਆਂ ਹਨ।

ਇਸ ਤੋਂ ਬਿਨਾਂ ਦੇਸ਼ ਦੇ ਸਰਕਾਰੀ ਖੇਤਰਾਂ ਵਿੱਚ ਆਬਾਦੀ ਦੇ ਅਨੁਪਾਤ ਵਿੱਚ ਸਰਕਾਰੀ ਮੁਲਾਜ਼ਮਾਂ ਦੀ ਗੱਲ ਉੱਪਰ ਕੀਤੀ ਗਈ ਹੈ। ਉਨ੍ਹਾਂ ਦੇਸ਼ਾਂ ਨੇ ਆਪਣੇ ਮਨੁੱਖੀ ਵਿਕਾਸ ਨੂੰ ਵੀ ਪਹਿਲ ਦਿੱਤੀ ਹੈ। ਮਨੁੱਖੀ ਵਿਕਾਸ ਦਾ ਭਾਵ ਆਪ ਦੇ ਦੇਸ਼ ਦੀ ਗੁਣਾਤਮਕ ਸਿੱਖਿਆ ਨੂੰ ਵਧਾਉਣ ਲਈ ਸਕੂਲੀ ਪੱਧਰ ਦੀ ਪ੍ਰਾਪਤੀ ਨੂੰ ਕੇਂਦਰੀ ਬਿੰਦੂ ਬਣਾਇਆ ਹੈ। ਸਿੱਖਿਆ ਵਿੱਚ ਗੁਣਾਤਮਕਤਾ ਪ੍ਰਦਾਨ ਕਰਨ ਦੇ ਕਈ ਪੱਖਾਂ ਵਿੱਚੋਂ ਇਕ ਹੈ ਅਧਿਆਪਕ ਵਿਦਿਆਰਥੀ ਅਨੁਪਾਤ।

ਪਿਛਲੇ ਦਿਨੀਂ ਪੰਜਾਬ ਦੇ ਇੱਕ ਪੰਜਾਬੀ ਅਖਬਾਰ ਵਿੱਚ ਛਪੇ ਇੱਕ ਲੇਖ ਅਨੁਸਾਰ ਸਿੰਗਾਪੁਰ ਵਿੱਚ ਅਧਿਆਪਕ-ਵਿਦਿਆਰਥੀ ਅਨੁਪਾਤ 1:15 ਹੈ ਅਤੇ ਸਾਰੀ ਸਕੂਲੀ ਸਿੱਖਿਆ ਸਰਕਾਰੀ ਖੇਤਰ ਵਿੱਚ ਹੈ। ਇਸੇ ਤਰ੍ਹਾਂ ਸਾਡੀ ਜਾਣਕਾਰੀ ਅਨੁਸਾਰ ਡੈਨਮਾਰਕ ਵਿੱਚ 1:28 ਹੈ। ਕੈਨੇਡਾ ਵਿੱਚ 1:25 ਹੈ। ਕਿਊਬਾ ਵਿੱਚ 1:20 ਹੋਣ ਦੀਆਂ ਖ਼ਬਰਾਂ ਹਨ। ਇਸੇ ਦਿਸ਼ਾ ਵਿੱਚ ਚਲਦਿਆਂ 1966 ਵਿੱਚ ਅਧਿਆਪਕ ਰੁਤਬੇ ਸੰਬੰਧੀ ਫ਼ਰਾਂਸ ਵਿੱਚ ਹੋਈ ਅੰਤਰਦੇਸੀ ਕਾਨਫ਼ਰੰਸ ਨੇ ਕਿਹਾ ਸੀ, 'ਸ਼੍ਰੇਣੀ ਦਾ ਅਕਾਰ ਅਜਿਹਾ ਹੋਣਾ ਚਾਹੀਦਾ ਹੈ ਕਿ ਅਧਿਆਪਕ ਹਰ ਵਿਦਿਆਰਥੀ ਵੱਲ ਨਿੱਜੀ ਧਿਆਨ ਦੇ ਸਕੇ, ਤਾਂ ਜੋ ਉਸ ਦੀਆਂ ਘਾਟਾਂ, ਕਮਜ਼ੋਰੀਆਂ ਜੇ ਕੋਈ ਹੋਣ ਤਾਂ ਦੂਰ ਹੋ ਸਕਣ।' ਸਾਡੇ ਦੇਸ਼ ਵਿੱਚ ਵੀ ਸਾਲ 2009 ਵਿੱਚ ਐਲੀਮੈਂਟਰੀ ਸਿੱਖਿਆ ਪ੍ਰਾਪਤੀ ਦੇ ਸੰਵਿਧਾਨਕ ਹੱਕ ਸੰਬੰਧੀ ਬਣਾਏ ਗਏ ਕਾਨੂੰਨ ਵਿੱਚ ਅਧਿਆਪਕ-ਵਿਦਿਆਰਥੀ ਅਨੁਪਾਤ 1:30 ਨਿਰਧਾਰਤ ਕੀਤਾ ਗਿਆ ਸੀ, ਪਰ ਇਸ ਕਾਨੂੰਨ ਨੂੰ ਸੰਜੀਦਗੀ ਨਾਲ ਲਾਗੂ ਕਰਨ ਲਈ ਤਤਕਾਲੀ ਸੰਬੰਧਤ ਸਰਕਾਰ ਨੇ ਵੀ ਲੋੜੀਂਦਾ ਫੰਡ ਜਾਰੀ ਨਹੀਂ ਕਰਵਾਇਆ। ਇਸ ਲਈ ਕਾਨੂੰਨ ਲਾਗੂ ਕਰਦੇ ਸਮੇਂ ਨਿਸਚਿਤ ਕੀਤੇ ਅਧਿਆਪਕ-ਵਿਦਿਆਰਥੀ ਅਨੁਪਾਤ ਵਿੱਚ ਵੀ ਭੰਨ-ਤੋੜ ਹੁੰਦੀ ਰਹੀ। ਜੋ ਅੱਜ ਵੀ ਪੂਰੀ ਤਰ੍ਹਾਂ ਲਾਗੂ ਨਹੀਂ ਹੈ। ਪ੍ਰਾਇਮਰੀ ਪੱਧਰ 'ਤੇ ਵੀ ਪੰਜ ਜਮਾਤਾਂ ਲਈ ਪੰਜ ਅਧਿਆਪਕ ਅਤੇ ਅੱਪਰ ਪ੍ਰਾਇਮਰੀ ਭਾਵ ਅੱਠਵੀਂ ਜਮਾਤ ਤੱਕ ਵੀ ਮਿਡਲ ਸਕੂਲਾਂ ਵਿੱਚ ਵਿਸ਼ਾਵਾਰ ਲੋੜੀਂਦੇ ਪੂਰੇ ਅਧਿਆਪਕ ਉਪਲੱਬਧ ਨਹੀਂ ਹਨ।

ਇਸ ਪਿਛੋਕੜ ਵਿੱਚ ਅੱਜ ਦੇ ਸਮੇਂ ਵਿੱਚ ਜ਼ਰੂਰੀ ਬਣਦਾ ਹੈ ਕਿ ਸਾਡੇ ਦੇਸ਼ ਦੇ ਗੁਣਾਤਮਕ ਸਰਬਪੱਖੀ ਮਨੁੱਖੀ ਅਤੇ ਸਮਾਜਕ ਵਿਕਾਸ ਦੀ ਮੁਢਲੀ ਲੋੜ ਨੂੰ ਮੁੱਖ ਰੱਖਦਿਆਂ ਸਭ ਤੋਂ ਜ਼ਰੂਰੀ ਸਿੱਖਿਆ ਦੇ ਪ੍ਰਾਇਮਰੀ ਪੱਧਰ ਤੋਂ ਲੈ ਕੇ ਲੋੜ ਅਨੁਸਾਰ ਯੂਨੀਵਰਸਿਟੀ ਪੱਧਰ ਤੱਕ ਯੋਗ ਅਤੇ ਸਿੱਖਿਅਤ ਰੈਗੂਲਰ ਅਧਿਆਪਕਾਂ ਲੋੜੀਂਦੀ ਗਿਣਤੀ ਵਿੱਚ ਉਪਲੱਬਧ ਕਰਵਾਏ ਜਾਣ। ਠੇਕੇ 'ਤੇ ਕੰਮ ਕਰਦੇ ਸਾਰੇ ਅਧਿਆਪਕਾਂ ਨੂੰ ਰੈਗੂਲਰ ਕੀਤਾ ਜਾਵੇ। ਸਾਰੀਆਂ ਖਾਲੀ ਆਸਾਮੀਆਂ ਰੈਗੂਲਰ ਨਿਯੁਕਤੀਆਂ ਰਾਹੀਂ ਭਰੀਆਂ ਜਾਣ। ਹਰ ਪੱਧਰ 'ਤੇ ਗੁਣਾਤਮਕ ਸਿੱਖਿਆ ਦੀ ਲੋੜ ਨੂੰ ਮੁੱਖ ਰੱਖ ਕੇ ਅਧਿਆਪਕ-ਵਿਦਿਆਰਥੀ ਨਿਰਧਾਰਤ ਕੀਤੇ ਜਾਣ। ਇਸੇ ਤਰ੍ਹਾਂ ਸਿਹਤ ਖੇਤਰ ਵਿੱਚ ਸਾਰੇ ਭਾਰਤੀ ਜਨ ਸਮੂਹਾਂ ਨੂੰ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਲੋੜੀਂਦੇ ਯੋਗ ਡਾਕਟਰਾਂ ਅਤੇ ਸਹਾਇਕ ਅਮਲੇ ਦੀਆਂ ਆਸਾਮੀਆਂ ਰੈਗੂਲਰ ਨਿਯੁਕਤੀਆਂ ਰਾਹੀਂ ਭਰੀਆਂ ਜਾਣ ਅਤੇ ਲੋੜ ਅਨੁਸਾਰ ਪਿੰਡਾਂ ਦੇ ਪ੍ਰਾਇਮਰੀ ਹੈੱਲਥ ਸੈਂਟਰ ਤੋਂ ਲੈ ਕੇ ਸਰਵੇਖਣਾਂ ਉਪਰੰਤ ਨਵੀਆਂ ਆਸਾਮੀਆਂ ਰਚੀਆਂ ਜਾਣ। ਹੈੱਲਥ ਮਿਸ਼ਨ ਅਧੀਨ ਕੰਮ ਕਰਦੇ ਸਾਰੇ ਵਰਗਾਂ ਸਮੇਤ ਅਤੇ ਆਸ਼ਾ ਅਤੇ ਸਹਾਇਕ ਵਰਕਰਾਂ ਅਤੇ ਡਾਕਟਰਾਂ ਨੂੰ ਸੰਬੰਧਤ ਸਰਕਾਰਾਂ ਦੇ ਸਿਹਤ ਖੇਤਰ ਵਿੱਚ ਰੈਗੂਲਰ ਕੀਤਾ ਜਾਵੇ। ਇਸ ਤੋਂ ਹੋਰ ਅੱਗੇ ਆਮ ਜਨ-ਸਮੂਹਾਂ ਦੇ ਪਿੰਡਾਂ ਤੱਕ ਦੇ ਦੈਨਿਕ ਜੀਵਨ ਨਾਲ ਸੰਬੰਧਤ ਵਿਭਾਗਾਂ ਬਿਜਲੀ ਅਤੇ ਟਰਾਂਸਪੋਰਟ ਖੇਤਰਾਂ ਵਿੱਚ ਵੀ ਅਜਿਹੀ ਪਹੁੰਚ ਦੀ ਵੱਡੀ ਸਰਕਾਰੀ ਪਹਿਲਕਦਮੀ ਦੀ ਲੋੜ ਹੈ। ਇਹ ਵਿਭਾਗ ਹੋਰ ਵੀ ਮਹੱਤਵਪੂਨ ਹਨ, ਕਿਉਂਕਿ ਜਿਥੇ ਇਹ ਦੇਸ਼ ਅਤੇ ਸੰਬੰਧਤ ਸੂਬੇ ਦੇ ਖੇਤੀ ਅਤੇ ਸਨਅਤੀ ਵਿਕਾਸ ਵਿੱਚ ਵੱਡਾ ਯੋਗਦਾਨ ਪਾ ਸਕਦੇ ਹਨ, ਉਥੇ ਵੱਡੀ ਪੱਧਰ ਤੇ ਰੁਜ਼ਗਾਰ ਪ੍ਰਾਪਤੀ ਦਾ ਸੋਮਾ ਬਣ ਸਕਦੇ ਹਨ ਅਤੇ ਜਨਤਕ ਸੇਵਾਵਾਂ ਦੀ ਪੂਰਤੀ ਕਰਦੇ ਹੋਏ ਸਰਕਾਰੀ ਖ਼ਜ਼ਾਨੇ ਲਈ ਆਮਦਨ ਦਾ ਸੋਮਾ ਵੀ ਬਣਦੇ ਹਨ।

ਕੇਂਦਰੀ, ਸੂਬਾਈ ਸਰਕਾਰਾਂ ਅਤੇ ਸਿਆਸੀ ਆਗੂਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਲੋਕ ਸਭਾ ਮੈਂਬਰਾਂ ਦੀ ਗਿਣਤੀ ਵਧਾਉਣ ਤੋਂ ਪਹਿਲਾਂ ਕੇਂਦਰੀ ਅਤੇ ਸੂਬਾਈ ਸਰਕਾਰੀ ਵਿਭਾਗਾਂ ਅਤੇ ਅਦਾਰਿਆਂ ਵਿੱਚ ਅਧਿਆਪਕਾਂ, ਡਾਕਟਰਾਂ ਅਤੇ ਹੋਰ ਮੁਲਾਜ਼ਮਾਂ ਦੀਆਂ ਦੇਸ਼ ਭਰ ਵਿੱਚ ਖਾਲੀ ਪਈਆਂ ਲੱਖਾਂ ਆਸਾਮੀਆਂ ਭਰੀਆਂ ਜਾਣ ਅਤੇ ਲੋੜ ਅਨੁਸਾਰ ਨਵੀਂਆਂ ਰਚੀਆਂ ਵੀ ਜਾਣ। ਅਜਿਹਾ ਕਰਨ ਨਾਲ ਵੱਡੀ ਗਿਣਤੀ ਵਿੱਚ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਮਿਲੇਗਾ। ਸਾਡੀ ਜਵਾਨੀ ਅਤੇ ਪੈਸਾ ਵਿਦੇਸ਼ਾਂ ਵੱਲ ਨਹੀਂ ਜਾਵੇਗਾ।

# ਸੰਪਰਕ : 94177-51888

